# ਸੋਚ ਦੀਆਂ ਤੰਦਾਂ

ਪ੍ਰੋ: ਸ਼ਮਸ

**ਸੁਚੇਤ**

ਪਹਿਲੀ ਵਾਰ: ਜਨਵਰੀ 1993
ਦੂਜੀ ਵਾਰ: 2025
ਤਾਅਦਾਦ: 500
ਕੀਮਤ:

# ਸੋਚ ਦੀਆਂ ਤੰਦਾਂ

ਉਸ ਹਸਤੀ ਦੇ ਨਾਂ
ਜਿਸ ਨੇ ਮੈਨੂੰ
ਨਾ ਮੁੱਕਣ ਵਾਲੀਆਂ ਸੋਚਾਂ ਦੇ ਹਵਾਲੇ ਕਰ ਦਿੱਤਾ

# ਸੋਚ ਦੀਆਂ ਤੰਦਾਂ

ਸਾਡੇ ਇੱਥੇ ਇਹ ਸੋਚ ਬੜੀ ਆਮ ਏ ਕਿ ਵਿਗਿਆਨ ਤੇ ਸਾਹਿਤ ਦੋ ਵੱਖ ਵੱਖ ਗੁੱਠਾਂ ਨੇਂ ਤੇ ਇਨ੍ਹਾਂ ਦਾ ਇਕ ਦੂਜੇ ਨਾਲ ਕੋਈ ਮੇਲ ਨਹੀਂ। ਪਰ ਜੇ ਗ਼ੌਰ ਕਰਕੇ ਵੇਖਿਆ ਜਾਵੇ ਤੇ ਇਹ ਗੱਲ ਹੱਕੀ ਨਹੀਂ। ਬੇ-ਅਸਲ ਤੇ ਬੇ-ਹਕੀਕਤ ਏ। ਵਿਗਿਆਨ ਤੇ ਸਾਹਿਤ ਦੀਆਂ ਦੋਵੇਂ ਰਿਸ਼ਮਾਂ ਦਾ ਮੰਬਾ (ਸਰੋਤ) ਇਕੋ ਈ ਏ। ਇਨ੍ਹਾਂ ਦਾ ਮੁਢ ਸੋਚ ਤੋਂ ਲਗਦਾ ਏ ਤੇ ਇਸੇ ਦੇ ਸਹਾਰੇ ਇਹ ਆਪਣੀਆਂ ਆਪਣੀਆਂ ਰਾਹਵਾਂ ਨੂੰ ਚਾਨਣ ਅਤਆ ਕਰਦੀਆਂ ਨੇਂ।

ਮੇਰੇ ਸਾਹਮਣੇ ਇਸ ਵੇਲੇ ਵਿਗਿਆਨ ਦੇ ਮੈਦਾਨ ਦੇ ਰਾਹੀ ਪ੍ਰੋ: ਸ਼ਮਸ ਹੋਰਾਂ ਦੀ ਸ਼ਾਇਰੀ ਏ। ਤੇ ਮੈਂ ਇਹਨੂੰ ਪੜ੍ਹ ਪੜ੍ਹ ਕੇ ਤੇ ਇਹਦਾ ਲੁਤਫ਼ ਲੈ ਲੈ ਕੇ ਸਾਵਣ ਦੀ ਝੜੀ ਵਿਚ ਭਿਜੀ ਅੰਗੂਰ ਦੀ ਵੇਲ ਵਾਂਗੂੰ ਹੋਇਆ ਬੈਠਾ ਆਂ ਜਿਹਦੇ ਪੱਤਰ ਹੱਥ ਖਲਾਰ ਖਲਾਰ ਕੇ ਹੋਰ ਮੀਂਹ ਤੇ ਹੋਰ ਤਰੇਲ ਮੰਗਦੇ ਰਹਿੰਦੇ ਨੇਂ।

"ਸੋਚ ਦੀਆਂ ਤੰਦਾਂ" ਦੀ ਪੜ੍ਹਾਈ ਕਰਨ ਤੋਂ ਬਾਅਦ ਮੈਂ ਇਸ ਨਤੀਜੇ ਤੇ ਅੱਪੜਿਆ ਆਂ ਕਿ ਓਪਰਾ ਇਲਮ ਚਾਹੇ ਕਿੰਨਾ ਵੀ ਤਗੜਾ ਤੇ ਸਿਰ ਕੱਢਵਾਂ ਕਿਉਂ ਨਾ ਹੋਵੇ ਉਹ ਇਜਤਮਾਈ ਰੂਹ ਦੇ ਮੁਹਾਂਦਰੇ ਨੂੰ ਨਾ ਤੇ ਬਦਲ ਸਕਦਾ ਏ ਤੇ ਨਾ ਈ ਉਹਦੇ ਤੇ ਅਸਰ ਅੰਦਾਜ਼ ਹੋ ਸਕਦਾ ਏ। ਪ੍ਰੋ: ਸ਼ਮਸ ਸਾਇੰਸ ਦਾ ਐਨਾ ਇਲਮ ਸਮੇਟਣ ਤੋਂ ਬਾਅਦ ਤੇ ਉਮਰ ਦਾ ਵਧੇਰਾ ਹਿੱਸਾ ਸ਼ਹਿਰ ਵਿਚ ਤੇ ਕਈ ਕਈ ਸਾਲ ਵਲਾਇਤ ਦਿਆਂ ਸ਼ਹਿਰਾਂ ਵਿਚ ਗੁਜ਼ਾਰਨ ਤੋਂ ਬਾਅਦ ਵੀ ਪਿੰਡ, ਗੋਠ ਤੇ ਠੱਠੀ ਵਸਤੀ ਦੀ ਖ਼ੁਸ਼ਬੋ, ਲੋਕ ਲਹਿਜੇ ਦੀ ਖਣਕ ਤੇ ਭੋਲੇ, ਮਸੂਮ ਤੇ ਸਾਊ ਪੈਂਤਰੇ ਨੂੰ ਭੁੱਲੇ ਨਹੀਂ। ਤੇ ਡੂੰਘੀ ਸੋਚ ਤੇ ਨਵੇਂ ਖ਼ਿਆਲ ਨੂੰ ਆਪਣੇ ਅਸਲ ਰੰਗ ਵਿਚ ਈ ਪੇਸ਼ ਕੀਤਾ ਏ।

ਉਨ੍ਹਾਂ ਦੀਆਂ ਬਹੁਤ ਸਾਰੀਆਂ ਨਜ਼ਮਾਂ ਤੋਂ ਇਹੀ ਜਾਪਦਾ ਏ ਕਿ ਨਵੀਂ ਰੋਸ਼ਨੀ ਦੇ ਗੰਦ ਨੇ ਉਨ੍ਹਾਂ ਦੇ ਗਿਰਦ ਘੇਰਾ ਨਹੀਂ ਪਾਇਆ ਤੇ ਉਨ੍ਹਾਂ ਸੱਚੇ ਤੇ ਸੁੱਚੇ ਜਜ਼ਬੇ ਨਾਲ ਆਪਣੇ ਖ਼ਿਆਲ ਦਾ ਇਜ਼ਹਾਰ ਕੀਤਾ ਏ ਤੇ ਬੇ-ਪਰਵਾਹ ਹੋ ਕੇ ਬੇ-ਫ਼ਿਕਰ ਹੋ ਕੇ ਕੀਤਾ ਏ। ਮੈਨੂੰ ਤੇ ਇੰਜ ਲਗਦਾ ਏ ਕਿ ਇਨ੍ਹਾਂ ਦੇ ਦਰਦ ਆਸ਼ਨਾ ਦਿਲ ਵਿਚ ਸੁਖ਼ਨ ਦਾ ਇਕ ਦਰਿਆ ਠਾਠਾਂ ਪਿਆ ਮਾਰਦਾ ਏ ਜਿਹੜਾ ਐਨੇ ਸਾਲ ਜ਼ੋਰਾ-ਜ਼ੋਰੀ ਬੰਦਸ਼ ਦੇ ਬਾਅਦ ਢਾਲਿਆ ਗਿਆ ਤੇ ਆਪਣੇ ਪਿਛੇ ਸੁਖ਼ਨ ਦੇ ਨੌਕੀਲੇ ਮੋਤੀ ਛੱਡ ਗਿਆ।

"ਸੋਚ ਦੀਆਂ ਤੰਦਾਂ" ਪ੍ਰੋ: ਸ਼ਮਸ ਸਾਹਿਬ ਦਾ ਪਹਿਲਾ ਸੰਗ੍ਰਹਿ ਹੈ ਤੇ ਮੇਰੀ ਆਰਜ਼ੂ ਏ ਕਿ ਇਹਦੇ ਪ੍ਰਕਾਸ਼ਨ ਤੋਂ ਬਾਅਦ ਵੀ ਉਹ ਇਹ ਸਿਲਸਲਾ ਜਾਰੀ ਰਖਣ ਤੇ ਪੰਜਾਬੀ ਦੇ ਪਿਆਸਿਆਂ ਨੂੰ ਆਪਣੀ ਮਿਹਰ ਮੁਹੱਬਤ ਦਾ ਤਜਰਬੇ ਦਾ ਠੰਡਾ ਮਿੱਠਾ ਪਾਣੀ ਪਿਆਂਦੇ ਰਹਿਣ। ਆਪਣੇ ਕਲਬੀ, ਰੂਹੀ ਤੇ ਜਜ਼ਬਾਤ ਦੇ ਇਜ਼ਹਾਰ ਲਈ ਜਿਨੀ ਕੁ ਲੋੜ ਸ਼ਮਸ ਸਾਹਿਬ ਨੂੰ ਪੰਜਾਬੀ ਜ਼ਬਾਨ ਦੀ ਏ ਕੁਸ਼ ਐਨੀ ਕੁ ਲੋੜ ਪੰਜਬਾਬੀ ਨੂੰ ਸ਼ਮਸ ਦੀ ਵੀ ਏ..... ਦੋਵਾਂ ਦੇ ਇਕ ਦੂਜੇ ਦੇ ਸਾਥ ਨਾਲ ਸਾਡਾ ਬੜਾ ਫ਼ੈਦਾ ਏ।

**ਅਸ਼ਫ਼ਾਕ ਅਹਿਮਦ**

# ਮੇਰੀ ਆਪਣੀ ਗੱਲ

ਸ਼ਾਇਰੀ ਮੇਰਾ ਪੇਸ਼ਾ ਨਹੀਂ। ਮੇਰਾ ਸ਼ੌਕ ਏ। ਆਪਣੇ ਪੇਸ਼ੇ ਦੇ ਇਤਬਾਰ ਨਾਲ ਮੈਂ ਇਕ ਸਾਇੰਸਦਾਨ ਤੇ ਇਕ ਉਸਤਾਦ ਆਂ। ਜਿਹਨੇ ਆਪਣੀ ਜ਼ਿੰਦਗੀ ਇਲਮ ਦੀ ਮੁਹੱਬਤ ਤੇ ਇਲਮ ਨੂੰ ਵੰਡਣ ਵਿਚ ਗੁਜ਼ਾਰੀ। ਹਾਂ ਇਹ ਗੱਲ ਜ਼ਰੂਰ ਏ ਕਿ ਆਪਣੇ ਮਜ਼ਮੂਨ ਦੇ ਲਿਹਾਜ਼ ਨਾਲ ਮੈਂ ਤਕਰੀਬਨ ਸਾਰੇ ਪਾਕਿਸਤਾਨ ਵਿਚ ਫਿਰਿਆ ਆਂ। ਇਸ ਇਲਮ ਦੀ ਬੁਨਿਆਦੀ ਲੋੜ ਏ ਕਿ ਜਿਆਲੋਜਿਸਟ ਜ਼ਮੀਨ ਦੇ ਵਖ ਵਖ ਹਿੱਸਿਆਂ ਨੂੰ ਸਮਝੇ ਤੇ ਉਸ ਦੇ ਅੰਦਰ ਲੁੱਕੇ ਹੋਏ ਕੁਦਰਤ ਦੇ ਰਾਜ਼ਾਂ ਨੂੰ ਲਭੇ। ਆਪਣੀ ਖੋਜ ਤੇ ਤਜਰਬੇ ਦੀ ਬੁਨਿਆਦ ਤੇ ਫਿਰ ਇਹ ਵੀ ਮਾਲੂਮ ਕਰੇ ਕਿ ਜ਼ਮੀਨ ਦੇ ਖ਼ਜ਼ਾਨਿਆਂ ਨੂੰ ਕਿਵੇਂ ਵਰਤਿਆ ਜਾ ਸਕਦਾ ਏ। ਮਸਲਨ ਮਅਦਨੀਆਤ, ਜੁਆਹਰਾਤ, ਪੱਥਰ, ਅਰਾਜ਼ੀ ਤੇ ਕੁਦਰਤੀ ਤੇਲ ਤੇ ਗੈਸ। ਇਸੇ ਖੋਜ ਦੀ ਬਦੌਲਤ ਜ਼ਮੀਨ ਦੀ ਪੰਜ ਅਰਬ ਸਾਲ ਦੀ ਤਾਰੀਖ਼ ਦਾ ਵੀ ਪਤਾ ਲਗਦਾ ਏ। ਇੰਜ ਇਕ ਜਿਆਲੋਜਿਸਟ ਸਾਰੀ ਜ਼ਿੰਦਗੀ ਇਕ ਮੁਸਫ਼ਿਰ ਦੀ ਤਰ੍ਹਾਂ ਗੁਜ਼ਾਰ ਦਿੰਦਾ ਏ। ਇਨ੍ਹਾਂ ਸਫ਼ਰਾਂ ਦਾ ਇਕ ਹੋਰ ਵੀ ਫ਼ੈਦਾ ਏ ਕਿ ਵਖਰੇ ਵਖਰੇ ਖੇਤਰਾਂ ਦੇ ਲੋਕਾਂ ਨੂੰ ਵੇਖਣ ਦਾ ਮੌਕਾ ਮਿਲਦਾ ਏ। ਤਰ੍ਹਾਂ ਤਰ੍ਹਾਂ ਦੀਆਂ ਰਸਮਾਂ ਤੇ ਹਕਾਇਤਾਂ ਦੇ ਨਾਲ ਨਾਲ ਲੋਕਾਂ ਦੇ ਆਪਸ ਦੇ ਵਰਤਾਰਿਆਂ ਦਾ ਵੀ ਪਤਾ ਲਗਦਾ ਏ। ਜ਼ਾਹਿਰ ਏ ਕਿ ਇਕ ਹਸਾਸ ਦਿਮਾਗ਼ ਅਸਰ ਕਬੂਲ ਕੀਤਿਆਂ ਬਗ਼ੈਰ ਨਹੀਂ ਰਹਿ ਸਕਦਾ। ਉਹ ਸਾਇੰਸ ਦੀ ਖੋਜ ਨੂੰ ਕਿਤਾਬਾਂ ਤੇ ਮਜ਼ਮੂਨਾਂ ਦੀ ਸ਼ਕਲ ਵਿਚ ਛਾਪ ਦਏ ਗਾ। ਪਰ ਆਪਣੇ ਇਨਸਾਨੀ ਜਜ਼ਬਿਆਂ ਤੇ ਸੋਚਾਂ ਨੂੰ ਜਾਂ ਤੇ ਜ਼ਬਾਨੀ ਕਲਾਮੀ ਦੱਸਦਾ ਫਿਰੇ ਗਾ ਜਾਂ ਫਿਰ ਕਿਸੇ ਕਿਸਮ ਦੀ ਲਿਖਤ ਨਾਲ ਜ਼ਾਹਿਰ ਕਰੇ ਗਾ। ਮੇਰੇ ਨਜ਼ਦੀਕ ਲਿਖਤ ਦਾ ਉੱਤਮ ਤਰੀਕਾ ਸ਼ਾਇਰੀ ਏ। ਇਹ ਆਪਣੀ ਸੋਚਾਂ ਨੂੰ ਦੱਸਣ ਦਾ ਇੰਤਿਹਾਈ ਨਾਜ਼ਕ ਤੇ ਇਕ ਤਰ੍ਹਾਂ ਦਾ ਆਫ਼ਾਕੀ ਤਰੀਕਾ ਏ। ਸ਼ਾਇਰੀ ਵਿਚ ਇਕ ਹੋਰ ਵੀ ਖ਼ੂਬੀ ਏ ਕਿ ਗੱਲ ਨੂੰ ਖੁਲੰਮ ਖੁਲ੍ਹਾ ਵੀ ਕਿਹਾ ਜਾ ਸਕਦਾ ਏ ਤੇ ਇਸ਼ਾਰਿਆਂ ਵਿਚ ਵੀ। ਇਹ ਫ਼ੇਰ ਪੜ੍ਹਨ ਵਾਲੇ ਦੀ ਹਿਮਤ ਏ ਕਿ ਕਿਤਨੀ ਡੂੰਘਾਈ ਵਿਚ ਜਾ ਸਕਦਾ

ਏ। ਇਸ ਤਰ੍ਹਾਂ ਘਟ ਤੋ ਘਟ ਦੋ ਸੂਰਤਾਂ ਪੈਦਾ ਹੋਣ ਗੀਆਂ। ਜਾਂ ਤੇ ਪੜ੍ਹਨ ਵਾਲਾ ਸ਼ਾਇਰ ਦੀ ਰਮਜ਼ ਨੂੰ ਠੀਕ ਠੀਕ ਸਮਝ ਜਾਏਗਾ ਜਾਂ ਫਿਰ ਉਹਦੀ ਆਪਣੀ ਸੋਚ ਜਾਗ ਪਏ ਗੀ। ਮਿਸਾਲ ਦੇ ਤੌਰ ਤੇ ਪੜ੍ਹਨ ਵਾਲਾ ਇਸ਼ਕੀਆ ਸ਼ਾਇਰੀ ਨੂੰ ਉਹਦੇ ਹਕੀਕੀ ਰੰਗ ਵਿਚ ਸਮਝੇ ਗਾ ਜਾਂ ਫਿਰ ਮਜਾਜ਼ੀ ਰੰਗ ਵਿਚ। ਇਹ ਉਹਦੀ ਆਪਣੀ ਸੋਚ ਦੀ ਉਡਾਰ ਏ। ਇਸੇ ਤਰ੍ਹਾਂ ਪੜ੍ਹਨ ਵਾਲਾ ਸ਼ਾਇਰ ਦੇ ਨਾਲ ਨਾਲ ਚਲ ਪਏ ਗਾ ਜਾਂ ਫਿਰ ਸ਼ਾਇਰ ਦੀ ਸੋਚ ਦਾ ਸਹਾਰਾ ਲੈ ਕੇ ਆਪੀ ਰਾਹ ਲਭ ਲਏ ਗਾ। ਅਸਲ ਵਿਚ ਤੇ ਚੰਗੇ ਸ਼ਇਰ ਪੜ੍ਹਨ ਵਾਲੇ ਨੂੰ ਸਚਾਈ ਦੇ ਇਸੇ ਚੋਰਸਤੇ ਤੇ ਲਿਆ ਖੜਾ ਕਰਦੇ ਨੇਂ ਜਿੱਥੋਂ ਰਸਤੇ ਸਚਾਈ ਦੇ ਵਖ ਵਖ ਰੰਗ ਵਾਲੇ ਬਾਗ਼ਾਂ ਵਲ ਫੁੱਟਦੇ ਹੋਣ। ਪੜ੍ਹਨ ਵਾਲੇ ਨੂੰ ਸਚਾਈ ਦੇ ਕਿਸੇ ਵੀ ਰਸਤੇ ਤੇ ਚਲਾ ਲੈਣਾ ਸ਼ਾਇਰ ਦੀ ਅਸਲ ਕਾਮਯਾਬੀ ਏ। ਸ਼ਰਤ ਇਹ ਹੈ ਕਿ ਸ਼ਇਰਾਂ ਵਿਚ ਸਚਾਈ ਹੋਵੇ ਨਾ ਕਿ ਖੋਟ ਭਰਿਆ ਹੋਵੇ।

ਸ਼ਾਇਰੀ ਦੇ ਸਿਲਸਲੇ ਵਿਚ ਮੈਨੂੰ ਇਕ ਫ਼ੈਦਾ ਜ਼ਰੂਰ ਸੀ ਕਿ ਰੱਬ ਨੇ ਮੈਨੂੰ ਇਕ ਇਲਮੀ ਤੇ ਅੱਦਬੀ ਘਰਾਨੇ ਵਿਚ ਪੈਦਾ ਕੀਤਾ। ਮੇਰੇ ਬਜ਼ੁਰਗ, ਮੇਰੇ ਵੱਡੇ ਭਰਾ ਸਾਰੇ ਸ਼ਾਇਰੀ ਨਾਲ ਮੁਹੱਬਤ ਰਖਦੇ ਸਨ। ਮੈਂ ਅਜੇ ਸਕੂਲੇ ਪੜ੍ਹਦਾ ਸਾਂ ਕਿ ਮੇਰੇ ਵਾਲਿਦ ਮਰਹੂਮ ਮੈਨੂੰ ਡਾ. ਇਕਬਾਲ, ਮੌਲਾਨਾ ਰੂਮੀ ਤੇ ਪੰਜਾਬੀ ਦੇ ਸੂਫ਼ੀ ਸ਼ਾਇਰਾਂ ਦੇ ਟੋਕਵੇਂ ਸ਼ਇਰ ਮਤਲਬ ਨਾਲ ਸਮਝਾਂਦੇ ਸਨ। ਮੈਨੂੰ ਚੰਗੀ ਤਰ੍ਹਾਂ ਯਾਦ ਏ ਕਿ ਮੈਂ ਸੋਚਦਾ ਸਾਂ ਇਹ ਸ਼ਾਇਰ ਰੱਬ ਦੇ ਖ਼ਾਸ ਬੰਦੇ ਹੋਣ ਗੇ ਜਿਹੜੇ ਇਕ ਇਕ ਸ਼ਇਰ ਵਿਚ ਸੋਚ, ਇਲਮ, ਅਕਲ ਤੇ ਤਜਰਬਿਆਂ ਦੇ ਸਮੁੰਦਰ ਬੰਦ ਕਰ ਦਿੰਦੇ ਨੇਂ। ਫਿਰ ਕਾਲਿਜ ਦੇ ਜ਼ਮਾਨੇ ਵਿਚ ਤੇ ਕਈ ਕਿਤਾਬਾਂ ਮੈਂ ਖ਼ੁਦ ਪੜ੍ਹਨੀਆਂ ਤੇ ਸਮਝਣੀਆਂ ਸ਼ੁਰੂ ਕਰ ਦਿੱਤੀਆਂ। ਇਸ ਇਕ ਅਮਲ ਨੇ ਈ ਮੇਰੀ ਰੂਹ ਵਿਚ ਛੁਪੀ ਹੋਈ ਸ਼ਾਇਰੀ ਦੀ ਵਰਾਸਤ ਨੂੰ ਜਗਾ ਦਿੱਤਾ ਤੇ ਮੈਂ ਸ਼ਇਰ ਕਿਹਣ ਲਗ ਪਿਆ। ਪੰਜਾਬੀ ਵਿਚ ਵੀ ਤੇ ਉਰਦੂ ਵਿਚ ਵੀ। ਕਾਲਿਜ ਦੇ ਮੁਸ਼ਾਇਰਿਆਂ 'ਚ ਵੀ ਹਿੱਸਾ ਲਿਆ ਤੇ ਇਕ ਕੁਲ ਪਾਕਿਸਤਾਨ ਮੁਸ਼ਾਇਰੇ ਵਿਚ ਵੀ ਨਜ਼ਮ ਪੜ੍ਹੀ। ਫਿਰ ਮੇਰੀ ਜ਼ਿੰਦਗੀ ਵਿਚ ਇਕ ਐਸਾ ਵਾਕਿਆ ਹੋਇਆ ਕਿ ਮੈਂ ਸ਼ਾਇਰੀ ਛੱਡ ਦਿੱਤੀ। ਸਗੋਂ ਸ਼ਾਇਰੀ ਦੀਆਂ ਕਿਤਾਬਾਂ ਪੜ੍ਹਨੀਆਂ ਵੀ ਬਹੁਤ ਘੱਟ ਕਰ ਦਿੱਤੀਆਂ।

ਇਹ 1949 ਦੀ ਗੱਲ ਏ। ਮੈਂ ਮੁਲਤਾਨ ਆਪਣੇ ਮ੍ਰਿਤਕ ਭਰਾ ਕੋਲ ਰਹਿੰਦਾ ਸਾਂ ਤੇ ਬੀ ਐਸ ਸੀ ਦਾ ਪੜ੍ਹਿਆਰ ਸਾਂ। ਗਰਮੀਆਂ ਦੀ ਛੁੱਟੀਆਂ ਸਨ ਤੇ ਮੈਂ ਮਕਾਨ ਦੇ ਬਾਹਰ ਛਾਂ ਵਿਚ ਬੈਠਾ ਪੜ੍ਹ ਰਿਹਾ ਸਾਂ। ਐਨੇ ਵਿਚ ਇਕ ਫੇਰੀ ਵਾਲਾ ਆਇਆ ਤੇ ਮੈਨੂੰ ਪਾਣੀ ਪਿਲਾਣ ਨੂੰ ਕਿਹਾ। ਮੈਂ ਅੰਦਰੋਂ ਪਾਣੀ ਲੈ ਕੇ ਆਇਆ। ਉਸ ਨੇ ਪਾਣੀ ਪੀਤਾ ਤੇ ਮੇਰੀ ਇਕ ਕਾਪੀ ਵੱਲ ਇਸ਼ਾਰਾ ਕਰਕੇ ਕਿਹਣ ਲਗਾ "ਇਹ ਤੂੰ ਆਪਣੇ ਨਾਂ ਨਾਲ ਸ਼ਮਸ ਕਿਉਂ ਲਿਖਨਾ ਏਂ। ਇਹ ਤੇ ਤੇਰੇ ਨਾਂ ਦਾ ਹਿੱਸਾ ਨਹੀਂ ਲਗਦਾ।" ਮੈਂ ਕਿਹਾ ਕਿ ਇਹ ਵਾਧਾ ਮੈਂ ਆਪ ਕੀਤਾ ਸੀ। ਕਿਹਣ ਲਗਾ, "ਇਸ ਲਫ਼ਜ਼ ਤੇ ਡੰਡਾ ਕਿਉਂ ਖਿਚਿਆ ਏ ਜਦੋਂ ਕਿ ਦੂਜੇ ਲਫ਼ਜ਼ਾਂ ਤੇ ਨਹੀਂ।" ਮੈਂ ਜੁਆਬ ਦਿੱਤਾ ਕਿ "ਐਵੇਂ ਈ।" ਉਸ ਨੇ ਕਿਹਾ ਕਿ "ਐਵੇਂ ਨਹੀਂ. ਮੈਂ ਜਾਣਨਾਂ ਇਹ ਕੰਮ ਸ਼ਾਇਰ ਕਰਦੇ ਨੇਂ।" ਮੈਂ ਮਨ ਗਿਆ। ਉਹ ਕਿਹਣ ਲਗਾ "ਚਲ ਮੈਨੂੰ ਆਪਣੇ ਕੁਝ ਸ਼ਇਰ ਸੁਣਾ।" ਮੈਂ ਉਹਨੂੰ ਉਰਦੂ ਦਾ ਇਹ ਸ਼ਇਰ ਸੁਣਾਇਆ:

ਜ਼ੁਲਮਤੇ ਸ਼ਬ ਮੈਂ ਸਿਤਾਰੇ ਝਿਲਮਲਾਏ ਤੋ ਬਹੁਤ॥
ਪਰ ਤਲੂਏ 'ਸ਼ਮਸ' ਪਰ ਸਾਰੇ ਪਰੇਸ਼ਾਂ ਹੋ ਗਏ॥

ਉਸ ਬੰਦੇ ਨੇ ਸ਼ਇਰ ਦੀ ਬੜੀ ਤਾਰੀਫ਼ ਕੀਤੀ। ਫਿਰ ਉਸ ਨੇ ਪੰਜਾਬੀ ਦੇ ਚਾਰ ਪੰਜ ਸ਼ਇਰ ਸੁਣਾਏ। ਫਿਰ ਕਿਹਣ ਲਗਾ, "ਵੇਖ ਪੁੱਤਰਾ! ਸਾਡਾ ਮੁਲਕ ਨਵਾਂ ਨਵਾਂ ਬਣਿਆ ਏ। ਬੜੀਆਂ ਕੁਰਬਾਨੀਆਂ ਦਿੱਤੀਆਂ ਨੇਂ। ਮੈਂ ਵੀ ਆਪਣੇ ਕਈ ਰਿਸ਼ਤੇਦਾਰ ਮਰਵਾ ਕੇ ਜਾਲੰਧਰ ਤੋਂ ਆਇਆ ਆਂ। ਉਥੇ ਮੇਰੀ ਕਪੜੀ ਦੀ ਦੁਕਾਨ ਸੀ ਤੇ ਇਥੇ ਫੇਰੀ ਲਾ ਕੇ ਵੀ ਖ਼ੁਸ਼ ਆਂ। ਅੱਠ ਜਮਾਤਾਂ ਪੜ੍ਹਿਆਂ ਆਂ ਕੋਈ ਚੰਗੀ ਨੌਕਰੀ ਨਹੀਂ ਮਿਲ ਸਕਦੀ। ਪਰ ਆਜ਼ਾਦ ਤੇ ਆਂ। ਇਸ ਮੁਲਕ ਨੂੰ ਤੇਜ਼ੀ ਨਾਲ ਤਰੱਕੀ ਕਰਨ ਦੀ ਲੋ ੜਏ। ਜਿਹਦੇ ਵਾਸਤੇ ਇਹਨੂੰ ਸ਼ਾਇਰਾਂ ਦੀ ਐਨੀ ਲੋੜ ਨਹੀਂ ਕਿ ਤੇਰੇ ਜਿਹਾ ਕਾਲਿਜ ਪੜ੍ਹਦਾ ਮੁੰਡਾ ਵੀ ਸ਼ਾਇਰੀ ਕਰਨ ਲਗ ਪਏ। ਸ਼ਾਇਰ ਤੇ ਅੱਗੇ ਈ ਬੜੇ ਨੇਂ। ਇਥੇ ਤੇ ਗੰਡੇਰੀਆਂ ਵੇਚਣ ਵਾਲਾ ਵੀ ਸ਼ਇਰਾਂ ਨਾਲ ਗਾਹਕ ਨੂੰ ਬੁਲਾਂਦਾ ਏ। ਮੈਂ ਵੀ ਕਪੜਾ ਵੇਚਦਾ ਇਹ ਕੁਝ ਈ ਕਰਦਾ ਆਂ। ਇਸ ਮੁਲਕ ਨੂੰ ਜ਼ਰੂਰਤ ਏ ਇੰਜੀਨੀਅਰਾਂ ਦੀ, ਸਾਇੰਸ ਆਲਿਆਂ ਦੀ। ਡਾਕਟਰਾਂ ਦੀ ਤੇ ਇੰਡਸਟਰੀ ਦੀ। ਤੈਨੂੰ ਰੱਬ ਨੇ ਮੌਕਾ ਦਿੱਤਾ ਏ ਕਾਲਿਜ

ਵਿਚ ਪੜ੍ਹ ਰਿਹਾ ਏਂ। ਮੇਰੀ ਮਨ ਤੇ ਸ਼ਾਇਰੀ ਛੱਡ ਕੇ ਤੇ ਸਾਇੰਸ ਪੜ੍ਹ। ਇੰਜੀਨੀਅਰ ਬਣ ਤੇ ਮੁਲਕ ਨੂੰ ਤਕੜਾ ਕਰ।" ਉਹ ਇਹ ਕਹਿ ਕੇ ਚਲਾ ਗਿਆ ਲੇਕਿਨ ਮੈਨੂੰ ਇੰਜ ਲਗਾ ਮੇਰੇ ਸੀਨੇ ਵਿਚ ਤੀਰ ਮਾਰ ਗਿਆ ਏ। ਯਕੀਨ ਕਰੋ ਮੈਂ ਉਸੇ ਦਿਨ ਸ਼ਾਇਰੀ ਛੱਡ ਦਿੱਤੀ ਤੇ ਆਪਣੀ ਸ਼ਇਰਾਂ ਵਾਲੀ ਕਾਪੀ ਵੀ ਸਾੜ ਦਿੱਤੀ। ਰੱਬ ਨੇ ਮੈਨੂੰ ਮੌਕੇ ਤੇ ਮੌਕੇ ਦਿੱਤੇ। ਪੰਜਾਬ ਯੂਨੀਵਰਸਟੀ ਦੇ ਬਾਅਦ ਦੁਨੀਆ ਦੀ ਮਸ਼ਹੂਰ ਕੈਮਬ੍ਰਿਜ ਯੂਨੀਵਰਸਟੀ ਵੀ ਗਿਆ। ਕਦਮ ਕਦਮ ਤੇ ਕਾਮਯਾਬੀਆਂ ਮਿਲੀਆਂ। ਮੈਂ ਪਾਕਿਸਤਾਨ ਦੇ ਜਿਆਲੋਜੀ ਦੇ ਪਹਿਲੇ ਸ਼ੁਅਬੇ ਦਾ ਪੜ੍ਹਿਆਰ, ਉਸਤਾਦ ਤੇ ਫੇਰ ਪਹਿਲਾ ਮੁੱਖੀ ਵੀ ਬਣਿਆ ਤੇ ਆਪਣੀ ਹਿਮਤ ਨਾਲ ਇਸ ਸ਼ੁਅਬੇ ਦੇ ਜ਼ਰੀਏ ਮੁਲਕ ਦੀ ਖ਼ਿਦਮਤ ਕੀਤੀ। ਅੱਜ ਮੈਂ ਆਪਣੀ ਜ਼ਿੰਦਗੀ ਦੇ 42 ਸਾਲ ਇਸ ਖ਼ਿਦਮਤ ਵਿਚ ਗੁਜ਼ਾਰ ਚੁਕਿਆ ਆਂ।

ਸ਼ਾਇਰੀ ਦਾ ਚੰਗਿਆੜਾ ਕੋਈ 30 ਸਾਲ ਤਕ ਦੱਬਿਆ ਰਿਹਾ। ਫਿਰ ਇਕ ਦਿਨ ਮੇਰੀ ਰੂਹ ਨੇ ਉਹਦੀ ਗਰਮੀ ਮਹਿਸੂਸ ਕੀਤੀ। ਮੈਨੂੰ ਉਹ ਫ਼ਰਿਸ਼ਤਾ ਤੇ ਮੁਲਕ ਦੀ ਮੁਹੱਬਤ ਦਾ ਦੀਵਾਨਾ ਯਾਦ ਆਇਆ। ਮੈਨੂੰ ਪਤਾ ਨਹੀਂ ਉਹ ਕਿੱਥੇ ਸੀ। ਇਕ ਦਿਨ ਉਹਦਾ ਧਿਆਨ ਕਰਕੇ ਮੈਂ ਦਿਲ ਵਿਚ ਕਿਹਾ, "ਰੱਬ ਦਿਆ ਬੰਦਿਆ, ਮੈਂ ਆਪਣਾ ਵਾਅਦਾ ਤੇਰੇ ਹੁਕਮ ਤੇ ਨਸੀਹਤ ਦੇ ਮੁਤਾਬਕ ਪੂਰਾ ਕਰ ਦਿੱਤਾ ਏ। ਹੁਣ ਮੈਂ ਸ਼ਾਇਰੀ ਨਾਲ ਵੀ ਮੁਲਕ ਦੀ ਖ਼ਿਦਮਤ ਕਰਨ ਦਾ ਹੱਕ ਰਖਦਾ ਆਂ। ਅਗਰ ਇਸ ਦੁਨੀਆ ਜਾਂ ਅਗਲੇ ਜਹਾਨ ਵਿਚ ਤੇਰੇ ਨਾਲ ਟਾਕਰਾ ਹੋਇਆ ਤੇ ਮੈਂ ਤੈਨੂੰ ਹੌਸਲੇ ਨਾਲ ਮਿਲ ਸਕਾਂ ਗਾ।" ਇਸ ਲਈ ਮੈਂ ਆਪਣੀ "ਸੋਚ ਦੀਆਂ ਤੰਦਾਂ" ਵੱਟਣ ਲਗ ਪਿਆ ਜੋ ਤੁਹਾਡੇ ਸਾਹਮਣੇ ਨੇਂ। ਰੱਬ ਕਰੇ ਤੁਸੀਂ ਪਸੰਦ ਕਰੋ।

ਰੱਬ ਰਾਖਾ

ਪ੍ਰੋ. ਫ਼ੈਜ਼ ਅਹਿਮਦ ਸ਼ਮਸ

| | | |
|---|---|---|
| 1. | ਰੁਬਾਈ | **1** |
| 2. | ਡਾਰਵਨ ਨੂੰ ਜੁਆਬਾ | **2** |
| 3. | ਸੋਚ ਦੀਆਂ ਤੰਦਾਂ | **4** |
| 4. | ਬਿਜਲੀ ਦਾ ਖੰਬਾ | **6** |
| 5. | ਬੁਢੜੇ ਦਾ ਰਾਜ਼ | **8** |
| 6. | ਕਿਉਂ ਡਰਨਾ ਏਂ | **10** |
| 7. | ਆ ਜਾ ਸਜਣਾ | **13** |
| 8. | ਕਿਤੇ ਲਭੀਂ | **15** |
| 9. | ਗ਼ਜ਼ਲ | **17** |
| 10. | ਛੱਡੋ ਜੀ | **18** |
| 11. | ਸ਼ਇਰ | **21** |
| 12. | ਸ਼ਰਮਾ ਜਾਵੀਂ | **22** |
| 13. | ਰੁਬਾਈ | **25** |

| | | |
|---|---|---|
| 14. | ਗ਼ਜ਼ਲ | **26** |
| 15. | ਬੇਚੇਨ ਅੱਖੀਂ | **28** |
| 16. | ਕਿਉਂ ਝਕਦਾ ਏਂ | **30** |
| 17. | ਬੱਦਲਾ ਸੌਣ ਦਿਆ | **32** |
| 18. | ਘੁੰਮਣ ਘੇਰੀ | **35** |
| 19. | ਪਾਣੀ ਵਿਚ ਮਧਾਣੀ | **36** |
| 20. | ਗੂੜ੍ਹੀ ਮੈਲ | **38** |
| 21. | ਰੁਬਾਈ | **39** |
| 22. | ਜੁਮਾ ਬਾਜ਼ਾਰ | **40** |
| 23. | ਕਿੱਕਰੀ ਦੀ ਛਾਂ ਥਲੇ | **42** |
| 24. | ਗ਼ਜ਼ਲ | **44** |
| 25. | ਨਜ਼ਮ | **46** |
| 26. | ਗ਼ਜ਼ਲ | **48** |
| 27. | ਇਹ ਕੀ ਪਿਆ ਚੰਨ ਚੜ੍ਹਾਨਾ ਏਂ | **50** |

| | | |
|---|---|---|
| 28. | ਵਾਅ ਦੇ ਵਰੋਲਿਆ | **53** |
| 29. | ਅੱਲ੍ਹਾ ਦਾ ਸਿਪਾਹੀ | **55** |
| 30. | ਅੱਖ | **58** |
| 31. | ਗ਼ਜ਼ਲ | **61** |
| 32. | ਨਜ਼ਮ | **63** |
| 33. | ਮਨ ਨਹੀਂ ਸਕਦਾ | **66** |
| 34. | ਡਾਕਾ (ਇਕ ਖ਼ਬਰ) | **68** |
| 35. | ਇਲਮ ਦਾ ਬਿਉਪਾਰ | **71** |
| 36. | ਟਰੈਫ਼ਿਕ ਦਾ ਹਾਦਸਾ (ਇਕ ਖ਼ਬਰ) | **75** |
| 37. | ਘੜੀ | **78** |
| 38. | ਗ਼ਜ਼ਲ | **80** |
| 39. | ਬਾਹਿਰ ਵੀ ਨਜ਼ਰ ਦੌੜਾਇਆ ਕਰ | **82** |
| 40. | ਸ਼ੀਸ਼ਾ | **85** |
| 41. | ਸ਼ਫ਼ਰੀ ਡਾਕਟਰ (ਅੱਧਾ ਸ਼ਾਇਰ) | **87** |

42. ਹਮਾਲੀਆ ਦੀ ਇਕ ਵਾਦੀ 90

43. ਗ਼ਜ਼ਲ 93

44. ਮਾਹੀਆ 94

45. ਨਜ਼ਮ 97

46. ਸੌਂ 99

47. ਉਡੀਕਾਂ 101

48. ਸ਼ਿਕਵਾ ਯਾਦ 103

49. ਕਣਕਾਂ ਦੀਆਂ ਫ਼ਸਲਾਂ 106

50. ਦੁਨੀਆ ਦੇ ਚੱਕਰ 108

51. ਕਿਤਨਾ ਜ਼ੋਰ ਵੀ ਪਾ ਜਾਵੀਂ 111

52. ਦੁਨੀਆ ਦੇ ਕਮ ਲੰਮੇ 116

53. ਦੜ ਵਟ 118

54. ਫ਼ਰਹੰਗ 122

# ਰੁਬਾਈ

ਤੂੰ ਖ਼ਾਲਿਕ ਏਂ, ਤੂੰ ਮਾਲਿਕ ਏਂ
ਤੇਰੇ ਕਰਮ ’ਚ ਤਾਰੀਆਂ ਲੈਂਦੇ ਆਂ
ਤੇਰੀ ਬਖ਼ਸ਼ਿਸ਼ ਦੀ ਕੋਈ ਹੱਦ ਨਹੀਂ
ਅਸੀਂ ਇਸ ਤੋਂ ਉਡਾਰੀਆਂ ਲੈਂਦੇ ਆਂ

# ਡਾਰਵਨ ਨੂੰ ਜੁਆਬ

ਮੈਨੂੰ ਪੁਛੇਂ ਮੈਂ ਕੀ ਆਂ?
ਇਸ ਧਰਤੀ ਦਾ ਜੀਅ ਆਂ!

ਓਏ, ਇਸ ਧਰਤੀ ਤੇ ਮੇਰੀ ਖ਼ਾਤਰ
ਅਰਬਾਂ ਸਾਲ ਗੁਜ਼ਾਰੇ
ਮਾਰੇ, ਮਾਰੇ,
ਉਠਦੇ ਸਨ ਅੱਗਾਂ ਦੇ ਵਰੋਲੇ
ਡਿਗਦੇ ਸਨ ਅਸਮਾਨੋਂ ਗੋਲੇ-
ਲਖ ਹਜ਼ਾਰ ਭੁਚਾਲ
ਸਾਲੋ ਸਾਲ,
ਬੱਦਲ, ਝਖੜ, ਬਰਫ਼ਾਂ, ਧਾਰੇ
ਸੀਨੇ ਧਰਤੀ ਝੱਲੇ ਸਾਰੇ
ਸੁੱਕੇ ਸਮੁੰਦਰ, ਟਿੱਬੇ ਉਭਵੇ
ਬਣ ਗਏ ਉੱਚੇ ਪਹਾੜ,
ਸੀਨੇ ਧਰਤੀ ਪੈਣ ਤਰੇੜਾਂ
ਨਜ਼ਰਾਂ ਤੀਕ ਦਰਾੜ,
ਪਾਣੀ ਭਰਿਆ ਵਿਚ ਦਰਾੜਾਂ
ਝੀਲਾਂ ਹੋਣ ਤਿਆਰ,
ਵੰਨ ਸਵੰਨੇ ਬੂਟੇ ਨਿਕਲੇ
ਜੰਗਲਾਂ ਦੀ ਭਰਮਾਰ,
ਤਰ੍ਹਾਂ ਤਰ੍ਹਾਂ ਦੇ ਫਿਰਨ ਜਨਾਵਰ
ਪੰਛੀ ਲੈਣ ਉਡਾਰ,
ਸਬਜ਼ੇ ਨੇ ਵੀ ਧਰਤੀ ਕੱਜੀ

ਫੁੱਲਾਂ ਸੱਜੀ,
ਫਿਰ ਜਾ ਕੇ ਉਹ ਵੇਲਾ ਆਇਆ
ਆਦਮ ਕਦਮ ਧਰਤੀ ਤੇ ਪਾਇਆ

ਮੈਂ ਉੱਸ ਆਦਮ ਦਾ ਜੀ ਆਂ
ਮੈਨੂੰ ਪੁਛੇਂ ਮੈਂ ਕੀ ਆਂ?

ਡਾਰਵਨ ਦੀ ਸੋਚ ਦੇ ਮੁਤਾਬਿਕ ਬੰਦਾ ਇਕ ਨਿੱਕੇ ਜਿਹੇ ਜਰਸੂਮੇ ਤੋਂ ਕਈ ਅਰਬਾਂ ਸਾਲ ਗੁਜ਼ਰਨ ਦੇ ਬਾਅਦ ਹੌਲੀ ਹੌਲੀ ਤਬਦੀਲ ਹੋ ਕੇ ਬਣਿਆ ਏ। ਆਦਮ ਦੀ ਤਰ੍ਹਾਂ ਨਹੀਂ।

## ਸੋਚ ਦੀਆਂ ਤੰਦਾਂ

ਕੱਲਾ ਬਹਿ ਕੇ ਵਟਦਾ ਰਹੀਂ ਤੂੰ
ਸੋਚ ਦੀਆਂ ਇਹ ਤੰਦਾਂ
ਲੋਕਾਂ ਰਲ ਕੇ ਵਲ ਦਿੱਤੀਆਂ ਸਨ
ਉੱਚੀਆਂ ਉੱਚੀਆਂ ਕੰਧਾਂ,
ਕੋਈ ਨਾ ਕੰਧਾਂ ਟਪ ਕੇ ਆਂਦਾ
ਕੋਈ ਨਾ ਤੇਰੇ ਦਿਲ ਦੀ ਪਾਂਦਾ
ਸੋਚ ਵੰਡਾਂਦਾ,
ਆਪੇ ਤੰਦਾਂ ਵਟਦਾ ਰਹੀਂ ਤੂੰ
ਆਪੇ ਬਹਿ ਕੇ ਕਟਦਾ ਰਹੀਂ ਤੂੰ
ਹੱਡ ਬੀਤੀ ਦੀਆਂ ਲੀਰਾਂ ਲੈਕੇ
ਸੋਚੀਂ ਪੈ ਕੇ,
ਟੁੱਟੀਆਂ ਤੰਦਾਂ ਚੁਣਦਾ ਰਹੀਂ
ਸ਼ਇਰ ਦੇ ਖਿਦੂ ਬੁਣਦਾ ਰਹੀਂ,
ਦਿਲ ਦੇ ਰੜੇ ਮੈਦਾਨ ’ਚ ਰੇੜ੍ਹੀਂ
ਖੇਡਣ ਨੂੰ ਕੋਈ ਲਭੇ ਨਾ ਤੇ
ਆਪੇ ਪਕੜ ਉਧੇੜੀਂ,
ਇਕ ਇਕ ਕਰਕੇ ਤੰਦਾਂ ਲਾਹ ਕੇ

ਲੀਰਾਂ ਆਪਣੇ ਗਲ ਵਿਚ ਪਾ ਕੇ

ਵੇਖੀਂ ਚਾਰ ਚੁਫ਼ੇਰੇ

ਘੁਪ ਹਨੇਰੇ

ਨਾ ਤੇਰੇ, ਨਾ ਮੇਰੇ-

## ਬਿਜਲੀ ਦਾ ਖੰਬਾ

ਉਹ ਵੇਖੋ, ਬਿਜਲੀ ਦਾ ਖੰਬਾ
ਟੁੱਟਾ, ਭੱਜਾ, ਵਿੰਗ ਤੜਿੰਗਾ
ਕਦੀਂ ਖਲੋਤਾ ਸੀ ਉਹ ਸਿੱਧਾ
ਜਿਵੇਂ ਬਾਗੇ ਸਰੂ ਦਾ ਬੂਟਾ
ਸਿਰ ਤੇ ਉਹਦੇ ਚਮਕੇ ਨੂਰ
ਲਾਟਾਂ ਜਾਵਣ ਦੂਰ,
ਜਿਵੇਂ ਇਕ ਅਸਮਾਨ ਦਾ ਤਾਰਾ
ਨੂਰ ਦਾ ਧਾਰਾ,
ਛੁਪਣ ਛੁਪਾਈ ਖੇਡਾਂ ਛੱਡ ਕੇ
ਛੇਤੀ ਛੇਤੀ ਪੈਂਡਾ ਕਢ ਕੇ
ਉਤਰ ਪਿਆ ਧਰਤੀ ਦੇ ਉੱਤੇ,
ਕੀੜੇ ਨਿਕਲੇ ਵੇਖਣ ਖ਼ਾਤਰ
ਉੱਡਦੇ ਆਣ ਧਮੱਕੜ
ਚੁੰਮ ਚੁੰਮ ਡਿਗਣ ਥਲੇ
ਜਾਨ ਹੁਣ ਨਾ ਠੱਲੇ
ਡੱਡੀਆਂ ਦੌੜਾਂ ਲਾਹੀਆਂ
ਖਾ-ਖਾ, ਰੀਝਾਂ ਲਾਹੀਆਂ

ਸੱਪ ਵੀ ਆਇਆ ਚੁਪ ਚੁਪੀਤੇ
ਰਿੜ੍ਹਦਾ ਢਿੱਡ ਦੇ ਭਾਰ
ਡੱਡੀਆਂ ਕਰੇ ਸ਼ਿਕਾਰ,
ਇਕ ਰਾਹ ਜਾਂਦੇ, ਸੱਪ ਨੂੰ ਤੱਕਿਆ
ਵੱਟਾ ਚੁੱਕਿਆ
ਸੱਪ ਤੇ ਕੀਤਾ ਵਾਰ
ਸੱਪ ਦੀ ਛਿਟ ਤੋਂ ਬਚਣ ਦੀ ਖ਼ਾਤਰ
ਪਿਸ਼ਾਂ ਜੋ ਹੱਟਿਆ
ਲੰਘਦੀ ਕਾਰ ਦਾ ਵੱਜਿਆ ਧੱਕਾ
ਸਿਰ ਠੁੱਕਿਆ ਖੰਬੇ ਦੇ ਨਾਲ
ਧਰਤੀ ਹੋ ਗਈ ਲਾਲ,
ਗੱਡੀ ਵੀ ਖੰਬੇ ਵਿਚ ਵੱਜੀ
ਖੰਬਾ ਡਿੱਗਿਆ
ਤਾਰਾ ਟੁੱਟਿਆ
ਜਾ ਬੈਠਾ ਅਸਮਾਨੇ
ਮਜਲਸ ਯਾਰਾਂ ਦੀ ਵਿਚ ਦਿਸੇ
ਦੁਨੀਆ ਦੇ ਅਫ਼ਸਾਨੇ,

## ਬੁਢੜੇ ਦਾ ਰਾਜ਼

(ਸ਼ਮਸ) ਸੁਣਿਆ ਏ, ਉਹ ਬੁਢੜਾ ਹੋਇਆ
ਥੋੜਾ ਜਿਨਾ ਉਹ ਕੁਬੜਾ ਹੋਇਆ
ਸਿਰ ਚਿੱਟਾ ਤੇ ਦੰਦ ਵੀ ਹਿਲਦੇ
ਨਜ਼ਰ ਨੂੰ ਝੌਲੇ ਪੈਂਦੇ
ਲੋਕੀ ਬੁਢੜਾ ਕਹਿੰਦੇ
(ਇਕ ਬੰਦਾ) ਪਰ ਉਹ ਤੇ ਅਜੇ ਵੀ ਮੰਣਦਾ ਨਹੀਂ
ਕਿਸੇ ਨੂੰ ਅਜੇ ਵੀ ਖੰਣਦਾ ਨਹੀਂ
ਅਜੇ ਵੀ ਘਰ ਦੇ ਇਜ਼ਤਾਂ ਦਿੰਦੇ
ਅਕਲਾਂ ਲੈਂਦੇ
ਝਿੜਕਾਂ ਸਹਿੰਦੇ
ਆਂਢ ਗੁਆਂਢ ਵੀ ਕਰਨ ਸਲਾਮ
ਝੁਕ ਕੇ ਕਰਨ ਕਲਾਮ
(ਸ਼ਮਸ) ਪਰ ਮੈਂ ਨਹੀਂ ਮੰਣਦਾ
ਇਹਦੇ ਵਿਚ ਕੋਈ ਰਾਜ਼ ਏ ਛੁੱਪਿਆ,
(ਦੂਜਾ ਬੰਦਾ) ਆਖੇ ਉੱਮਰ ਹੈ ਮੇਰਾ ਵਿਰਸਾ
ਜਗ ਬੀਤੀ ਦਾ ਲੰਬਾ ਅਰਸਾ
ਸਾਰੇ ਇਸ ਨੂੰ ਮੰਣਦੇ ਨੇਂ

ਬਹਿ ਕੇ ਮੇਰੀ ਸੁਣਦੇ ਨੇਂ
ਅਕਲ ਦੇ ਮੋਤੀ ਚੁਣਦੇ ਨੇਂ
ਨਾਲੇ ਦੁਨੀਆ ਤੇ ਹੁਣ ਵਕਤ ਏ ਅਕਲ ਬੜ੍ਹਾਈ ਦਾ
ਉਹ ਪਿਛਲਾ ਜ਼ਮਾਨਾ ਗੁਜ਼ਰ ਗਿਆ ਜੇ ਜ਼ੋਰ ਅਜ਼ਮਾਈ ਦਾ,

(ਸ਼ਮਸ) ਪਰ ਮੈਂ ਨਹੀਂ ਮੰਣਦਾ
ਇਹਦੇ ਵਿਚ ਕੋਈ ਰਾਜ਼ ਏ ਛੁੱਪਿਆ,

(ਤੀਜਾ ਬੰਦਾ) ਕੰਨ ਵਿਚ ਕੁਛ ਕਹਿੰਦਾ ਏ

(ਸ਼ਮਸ) ਹੈਂ! ਤੁਸੀਂ ਮੈਨੂੰ ਕੀ ਕਹਿੰਦੇ ਓ?
ਜ਼ਰਾ ਫ਼ਿਰ ਦੱਸੋ!

(ਤੀਜਾ ਬੰਦਾ) ਅਜੇ ਤੇ ਪਿਨਸ਼ਨ ਆਂਦੀ ਏ
ਹੱਟੀ ਰੱਕਮ ਕਮਾਂਦੀ ਏ
ਬੱਚਿਆ ਸੋਨਾ ਚਾਂਦੀ ਏ
ਘਰ ਵਾਲੇ ਨੇਂ ਪੈਸੇ ਲੈਂਦੇ
ਆਂਦੇ ਜਾਂਦੇ ਖੀਸਾ ਟੋਹੰਦੇ

(ਸ਼ਮਸ) ਹੁਣ ਬੁੱਝਿਆ ਅਜ਼ਮਤ ਦਾ ਰਾਜ਼
ਬੁਢੜੇ ਦੀ ਇੱਜ਼ਤ ਦਾ ਰਾਜ਼

## ਕਿਉਂ ਡਰਨਾ ਏਂ

ਤੂੰ ਡਰ-ਡਰ ਕੇ ਕਿਉਂ ਰਹਿਨਾ ਏਂ?
ਐਵੇਂ ਪਿਆ ਦੁਖ ਸਹਿਨਾ ਏਂ!

ਇਸ ਧਰਤੀ ਨੂੰ ਰੱਬ ਸੋਹਣੇ ਨੇ, ਤੇਰੇ ਲਈ ਬਣਾਇਆ
ਖ਼ੂਬ ਸਜਾਇਆ,
ਤਰ੍ਹਾਂ ਤਰ੍ਹਾਂ ਦੇ ਭਰੇ ਖ਼ਜ਼ਾਨੇ, ਤੈਨੂੰ ਸੁਖ ਪਹੁੰਚਾਇਆ
ਸਾਈਂ ਬਣਾਇਆ,
ਅੰਣਜਾਣੇ ਇਕ ਖ਼ੌਫ਼ ਦੇ ਹੱਥੋਂ ਆਪਣੇ ਨਾਲ ਈ ਖਹਿਨਾ ਏਂ
ਤੂੰ ਡਰ-ਡਰ ਕੇ ਕਿਉਂ ਰਹਿਨਾ ਏਂ?
ਐਵੇਂ ਪਿਆ ਦੁਖ ਸਹਿਨਾ ਏਂ!
ਸਭ ਤੋਂ ਉੱਚਿਆਂ ਕਰਨ ਦੀ ਖ਼ਾਤਰ, ਤੈਨੂੰ ਇਲਮ ਸਿਖਾਇਆ
ਨਾਇਬ ਬਣਾਇਆ,
ਕੱਠੇ ਕੀਤੇ ਆਪ ਫ਼ਰਿਸ਼ਤੇ, ਆਪੇ ਹੁਕੰਮ ਸੁਣਾਇਆ,
ਸੀਸ ਨਿਵਾਇਆ,
ਸਭ ਤੋਂ ਉੱਚੀਆਂ ਸ਼ਾਨਾਂ ਲੈ ਕੇ, ਕਮਤਰ ਆਪ ਨੂੰ ਕਹਿਨਾ ਏਂ
ਤੂੰ ਡਰ-ਡਰ ਕੇ ਕਿਉਂ ਰਹਿਨਾ ਏਂ?

ਐਵੇਂ ਪਿਆ ਦੁਖ ਸਹਿਨਾ ਏਂ!
ਸਭ ਕਮਜ਼ੋਰ ਨੇਂ ਤੇਰੇ ਅਗੇ ਤੂੰ ਤਾਕਤ ਦਾ ਜਾਇਆ
ਕਿਉਂ ਘਬਰਾਇਆ,
ਧਰਤੀ ਕੀ, ਇਹ ਚੰਦ ਸਿਤਾਰੇ, ਸਭ ਤੇਰਾ ਸਰਮਾਇਆ
ਰੱਬ ਫ਼ਰਮਾਇਆ,
ਨਿੱਕੀਆਂ ਨਿੱਕੀਆਂ ਖ਼ੁਆਹਿਸ਼ਾਂ ਅੱਗੇ, ਗੋਡੇ ਟੇਕ ਕੇ ਬਹਿਨਾ ਏਂ
ਤੂੰ ਡਰ-ਡਰ ਕੇ ਕਿਉਂ ਰਹਿਨਾ ਏਂ?
ਐਵੇਂ ਪਿਆ ਦੁਖ ਸਹਿਨਾ ਏਂ!
ਝੂਠ ਦੇ ਝੱਖੜ, ਬਦੀ ਦੇ ਰੱਫੜ, ਤੈਨੂੰ ਦੁਖ ਪਹੁੰਚਾਇਆ
ਖ਼ੂਬ ਸਤਾਇਆ
ਤੇਰੇ ਡਰ ਦਾ ਫ਼ੈਦਾ ਚੁਕ ਕੇ, ਤੈਨੂੰ ਖ਼ੂਬ ਡਰਾਇਆ
ਨੁੱਕਰੇ ਲਾਇਆ,
ਭੁਲ ਬੈਠਾ ਤੂੰ ਤਾਕਤ ਆਪਣੀ, ਸਭ ਦੀਆਂ ਸੱਟਾਂ ਸਹਿਨਾ ਏਂ
ਤੂੰ ਡਰ-ਡਰ ਕੇ ਕਿਉਂ ਰਹਿਨਾ ਏਂ?
ਐਵੇਂ ਪਿਆ ਦੁਖ ਸਹਿਨਾ ਏਂ!
ਮਨਜ਼ਲ ਤੇਰੀ ਰੱਬ ਦੀ ਹਸਤੀ, ਤੂੰ ਅੱਲ੍ਹਾ ਦਾ ਸਾਇਆ
ਖ਼ੁਦ ਫ਼ਰਮਾਇਆ,

ਸਭ ਤਖ਼ਲੀਕਾਂ ਹੁਕੰਮ ਤੋਂ ਬਣੀਆਂ, ਤੈਨੂੰ ਆਪ ਬਣਾਇਆ
ਖ਼ੁਦ ਸਮਝਾਇਆ,
ਅਸਲ ਮਕਾਮੇਂ ਜਾ ਬੈਠੈਂ ਤੇ ਫਿਰ ਦੁਨੀਆ ਕੀ ਕਿਹਨਾ ਏਂ
ਐਵੇਂ ਪਿਆ ਦੁਖ ਸਹਿਨਾ ਏਂ!
ਤੂੰ ਡਰ-ਡਰ ਕੇ ਕਿਉਂ ਰਹਿਨਾ ਏਂ?

## ਆ ਜਾ ਸਜਣਾ

ਇਕ ਵਾਰੀ ਤੇ ਤੂੰ ਆ ਜਾ ਮੇਰੇ ਕੋਲ ਸਜਣਾ
ਜਾਏ ਕਾਲਜਾ ਵਛੋੜਿਆਂ ਤੋਂ ਡੋਲ ਸਜਣਾ

ਤੇਰੇ ਬਾਝ ਮੇਰਾ ਦੁਨੀਆ 'ਚ ਕੌਣ ਏ
ਕੱਲੀ ਜਿੰਦੜੀ ਤੇ ਹੌਕਿਆਂ ਦਾ ਭੋਣ ਏ
ਮੈਨੂੰ ਸੋਚਾਂ ਦੇ ਵਰੋਲਿਆਂ ਨੇ ਰੋਲਿਆ
ਰੋਣ ਅੱਖੀਆਂ ਤੇ ਹੰਝੂਆਂ ਦਾ ਸੌਣ ਏ

ਮੇਰੀ ਤੰਦ, ਤੰਦ ਦਿੱਤੀ ਆ ਫਰੋਲ ਸਜਣਾ
ਇਕ ਵਾਰੀ ਤੇ ਤੂੰ ਆ ਜਾ ਮੇਰੇ ਕੋਲ ਸਜਣਾ

ਤੂੰ ਏਂ ਆਖਿਆ ਸੀ ਛੱਡ ਕੇ ਨਾ ਜਾਵਾਂਗਾ
ਦੁਖ ਸੁਖ ਸਾਰੇ ਰਲ ਕੇ ਵੰਡਾਵਾਂਗਾ
ਮੇਰੀ ਜਾਨ ਵਿਚ ਜਾਨ ਨੂੰ ਵਖੇਰ ਕੇ ਤੇ
ਘਰ ਦਿਲ ਵਿਚ ਆਪਣਾ ਵਸਾਵਾਂਗਾ

ਕਾਹਨੂੰ ਦਿੱਤਾ ਈ ਜ਼ਮਾਨੇ ਵਿਚ ਰੋਲ ਸਜਣਾ
ਇਕ ਵਾਰੀ ਤੇ ਤੂੰ ਆ ਜਾ ਮੇਰੇ ਕੋਲ ਸਜਣਾ

ਕਿਥੇ ਜਾਏਂ ਗਾ ਤੂੰ ਬਚ ਕੇ ਪਿਆਰ ਤੋਂ
ਤਾਂਘਾਂ ਮੇਰੀਆਂ ਦੇ ਮਿੱਠੇ ਮਿੱਠੇ ਵਾਰ ਤੋਂ
ਧਕੇ ਖਾਏਂ ਗਾ ਜਹਾਨ ਦੇ ਉਜਾੜ ਵਿਚ
ਜਿਵੇਂ ਕੂੰਜ ਫਿਰੇ ਟੁੱਟੀ ਹੋਈ ਡਾਰ ਤੋਂ

ਵਖ ਹੋਣ ਦੀਆਂ ਬੁਝਾਰਤਾਂ ਨੂੰ ਖੋਲ੍ਹ ਸਜਣਾ
ਇਕ ਵਾਰੀ ਤੇ ਤੂੰ ਆ ਜਾ ਮੇਰੇ ਕੋਲ ਸਜਣਾ

# ਕਿਤੇ ਲਭੇਂ

ਕਿਤੇ ਲਭੇਂ ਤੇ ਮਨਾਵਾਂ
ਹੱਥ ਥੰਮੇਂ ਤੇ ਫੜਾਵਾਂ
ਭਰੇ ਮੇਲੇ 'ਚ ਵੀ ਰਹਿ ਕੇ
ਮੈਂ ਤੇ ਰੋਵਾਂ ਤੇ ਕੁਰਲਾਵਾਂ

ਕਿਤੇ ਲਭੇਂ ਤੇ ਮਨਾਵਾਂ
ਹੱਥ ਥੰਮੇਂ ਤੇ ਫੜਾਵਾਂ

ਕੋਈ ਵੇਖਦਾ ਵੀ ਨਹੀਂ
ਪੈਰ ਟੇਕਦਾ ਵੀ ਨਹੀਂ
ਆਪੋ ਧਾਪ ਦਾ ਜ਼ਮਾਨਾ
ਇਕ ਦੂਜੇ ਤੋਂ ਬਿਗਾਨਾ

ਕਿਹਨੂੰ ਆਪਣੀ ਸੁਣਾਵਾਂ
ਕਿਤੇ ਲਭੇਂ ਤੇ ਮਨਾਵਾਂ

ਲੋਕੀ ਮੰਗਦੇ ਨੇਂ ਧੰਨ
ਮੈਂ ਤੇ ਮੰਗਦੀ ਆਂ ਚੰਨ
ਮੈਂ ਤੇ ਚੁਕ ਚੁਕ ਪੱਬਾਂ
ਅਸਮਾਨਾਂ ਵਿਚ ਲਭਾਂ

ਵੈਰੀ ਅੰਨ੍ਹੀਆਂ ਘਟਾਵਾਂ
ਕਿਤੇ ਲਭੇਂ ਤੇ ਮਨਾਵਾਂ

ਆਪੇ ਦੂਰ ਕੀਤਾ ਸੀ
ਮੈਨੂੰ ਮਜਬੂਰ ਕੀਤਾ ਸੀ
ਮੈਂ ਤੇ ਭੁਲ ਕੇ ਨਾ ਭੁਲੀ
ਤੈਥੋਂ ਜੁਲ ਕੇ ਨਾ ਜੁਲੀ

ਝੱਲਾਂ ਲੰਮੀਆਂ ਸਜ਼ਾਵਾਂ
ਕਿਤੇ ਲਭੇਂ ਤੇ ਮਨਾਵਾਂ

## ਗ਼ਜ਼ਲ

ਤੂੰ ਰੁਸਿਆ ਕਿਉਂ ਏਂ! ਦੱਸ ਤੇ ਸਹੀ
ਮੂੰਹ ਵੱਟਿਆ ਕਿਉਂ ਏ! ਹੱਸ ਤੇ ਸਹੀ

ਮੇਰੇ ਪਿਆਰ 'ਚ ਹੁਣ ਵੀ ਫ਼ਰਕ ਨਹੀਂ
ਤੂੰ ਦਿਲ ਮੇਰੇ ਵਿਚ ਵੱਸ ਤੇ ਸਹੀ

ਤੇਰੇ ਹਿਜਰ ਨੇ ਮਾਰ ਮੁਕਾਇਆ ਸੀ
ਫਿਰ ਉਠ ਪਾਂ ਗਾ, ਤੂੰ ਡੱਸ ਤੇ ਸਹੀ

ਕਿਉਂ ਵਹਿਮਾਂ ਵਿਚ ਪਿਆ ਸੜਦਾ ਏਂ
ਮੇਰੀ ਜਾਨ 'ਚ ਆ ਕੇ ਰੱਸ ਤੇ ਸਹੀ

ਬੜੀ ਮੁਦਤਾਂ ਬਾਅਦ ਤੇ ਮਿਲਿਆ ਏਂ
ਹੁਣ ਜਾ ਨਾ ਸਕੇਂ ਗਾ, ਨੂੱਸ ਤੇ ਸਹੀ

ਸਭ ਮਕਰ ਤੇਰੇ ਰਹਿ ਜਾਵਣ ਗੇ
ਤੂੰ ਪਿਆਰ ਮੇਰੇ ਵਿਚ ਫੱਸ ਤੇ ਸਹੀ

ਤੂੰ ਵੀ 'ਸ਼ਮਸ' ਦੀ ਗਰਮੀ ਪਾ ਲਏਂ ਗਾ
ਜ਼ਰਾ ਪਿਆਰ ਦੀ ਗੰਢ ਨੂੰ ਕੱਸ ਤੇ ਸਹੀ

# ਛੱਡੋ ਜੀ

ਛੱਡੋ ਜੀ

ਥੁਹਾਡੇ ਨਾਲ ਕੀ ਬੋਲਣਾ

ਤੁਸੀਂ ਗੱਲ ਵੀ ਨਹੀਂ ਖੁਲ੍ਹ ਕੇ ਕਰਦੇ

ਸੜ ਸੜ ਮੁਕ ਗਏ ਆਂ

ਤੁਸੀਂ ਪਿਆਰ ਨਾਲ ਹੱਥ ਵੀ ਨਹੀਂ ਫੜਦੇ

ਤੁਹਾਡੇ ਨਾਲ ਕੀ ਬੋਲਣਾ

ਜਾ ਐਨੇ ਭੈੜੇ ਲਗਦੇ ਸਾਂ

ਜ਼ਰਾ ਵੀ ਨਾ ਫੱਬਦੇ ਸਾਂ

ਕਾਹਨੂੰ ਕੋਲ ਬਠਾਇਆ ਸੀ

ਸਭ ਤੋਂ ਹਟਾਇਆ ਸੀ

ਹੁਣ ਪਿਆਰ ਵਾਲੀ ਗੱਲ ਵੀ ਨਹੀਂ ਜਰਦੇ

ਤੁਹਾਡੇ ਨਾਲ ਕੀ ਬੋਲਣਾ

ਤੁਸੀਂ ਗੱਲ ਵੀ ਨਹੀਂ ਖੁਲ੍ਹ ਕੇ ਕਰਦੇ

ਹਾਲ ਮੇਰਾ ਵੇਖ ਕੇ ਤੇ ਖ਼ੁਸ਼ੀਆਂ ਮਨਾਂਦੇ ਓ

ਹੰਝੂ ਮੇਰੇ ਵੇਖ ਕੇ ਤੱਸੇ ਹੱਸ ਹੱਸ ਜਾਂਦੇ ਓ

ਕਿਵੇਂ ਮੰਨਾਂ ਦਿਲ ਵਿਚ ਤੇਰੇ ਕੋਈ ਖੋਟ ਸੀ

ਲਗੀ ਹਈ ਤੈਨੂੰ ਵੀ ਪਿਆਰ ਵਾਲੀ ਟੋਟ ਸੀ

ਹੁਣ ਕੋਲ ਸਾਡੇ ਬਹਿਣ ਤੋਂ ਵੀ ਡਰਦੇ

ਤੁਹਾਡੇ ਨਾਲ ਕੀ ਬੋਲਣਾ

ਤੁਸੀਂ ਗੱਲ ਵੀ ਨਹੀਂ ਖੁਲ੍ਹ ਕੇ ਕਰਦੇ

ਨਹੀਂ ਚਾਹੰਦੇ ਓ ਤੇ ਸ਼ੌਕ ਨਾਲ ਦੱਸ ਦਿਓ

ਪਹਿਲੇ ਪਿਆਰ ਨਾਲ ਇਕ ਵਾਰੀ ਹੱਸ ਦਿਓ

ਤੇਰਾ ਪਿੱਛਾ ਵੀ ਨਾ ਕਰਾਂ ਗਾ

ਚੁਪ ਚੁਪ ਮਰਾਂ ਗਾ

ਬਸ ਇਕ ਵਾਰੀ ਗੱਲਾਂ ਨਾਲ ਭਰ ਦੇ

ਤੁਹਾਡੇ ਨਾਲ ਕੀ ਬੋਲਣਾ

ਤੁਸੀਂ ਗੱਲ ਵੀ ਨਹੀਂ ਖੁਲ੍ਹ ਕੇ ਕਰਦੇ

ਮੈਨੂੰ ਮੁਖੜਾ ਤੁਹਾਡਾ ਕੁਛ ਹੋਰ ਦੱਸਦਾ

ਤੁਹਾਡੇ ਦਿਲ ਵਿਚ ਪਿਆਰ ਵਾਲਾ ਦਿਲ ਵੱਸਦਾ

ਇਹਨੂੰ ਕੱਢ ਕੇ ਤੇ ਵੇਖੋ

ਮੈਨੂੰ ਛੱਡ ਕੇ ਤੇ ਵੇਖੋ

ਤੁਸੀਂ ਰਹੋ ਗੇ ਹਮੇਸ਼ਾ ਲਈ ਸੜਦੇ

ਤੁਹਾਡੇ ਨਾਲ ਕੀ ਬੋਲਣਾ

ਤੁਸੀਂ ਗੱਲ ਵੀ ਨਹੀਂ ਖੁਲ੍ਹ ਕੇ ਕਰਦੇ

ਇਸ ਝਾਕੇ ਦੇ ਪਿਆਰ ਵਿਚ ਕੀ ਲਭਣਾ

ਖੁਲ੍ਹ ਡੁਲ੍ਹ ਰਹੀਏ ਤਾਂ ਜ਼ਮਾਨਾ ਫੱਬਣਾ

ਮੰਨ ਜਾ ਪਿਆਰ ਆਖ਼ਿਰ ਤੇਰੀ ਵੀ ਤੇ ਲੋੜ ਏ

ਮੇਰੇ ਨਾਲੋਂ ਚੰਗਾ ਤੇਰਾ ਹੋਰ ਕਿਹੜਾ ਜੋੜ ਏ
ਕਿਉਂ ਮੇਰੇ ਕੋਲੋਂ ਰਖਦੇ ਓ ਪਰਦੇ
ਤੁਹਾਡੇ ਨਾਲ ਕੀ ਬੋਲਣਾ
ਤੁਸੀਂ ਗੱਲ ਵੀ ਨਹੀਂ ਖੁਲ੍ਹ ਕੇ ਕਰਦੇ
ਸੜ ਸੜ ਮੁੱਕ ਗਏ ਆਂ
ਤੁਸੀਂ ਪਿਆਰ ਨਾਲ ਹੱਥ ਵੀ ਨਹੀਂ ਫੜਦੇ

## ਸ਼ਇਰ

ਮੈਨੂੰ ਪਤਾ ਏ ਤੁਹਾਨੂੰ ਮੇਰੀ ਲੋੜ ਨਹੀਂ
ਪਰ ਮੇਰਾ ਤੇ ਜਹਾਨ ਵਿਚ ਹੋਰ ਨਹੀਂ

## ਸ਼ਰਮਾ ਜਾਵੀਂ

ਆਕੜ ਵਿਚ ਤੇ ਫਿਰਨਾ ਏਂ
ਜੇ ਸੋਚੇਂ ਤੇ ਸ਼ਰਮਾ ਜਾਵੇਂ

ਇਸ ਧਰਤੀ ਨੇ ਅਰਬਾਂ ਵਰ੍ਹਿਆਂ, ਔਖੇ ਵਕਤ ਗੁਜ਼ਾਰੇ
ਅੱਗਾਂ, ਝੱਖੜ, ਵਰ੍ਹਦੇ ਬੱਦਲ, ਸਬਰਾਂ ਨਾਲ ਸਹਾਰੇ
ਆਪਣੇ ਅੰਦਰ ਛੁਪੇ ਖ਼ਜ਼ਾਨੇ, ਖੋਲ੍ਹ ਕੇ ਦਿੱਤੇ ਸਾਰੇ
ਲਾ ਸੀਨੇ ਤੈਨੂੰ ਵੱਡਿਆਂ ਕੀਤਾ, ਅਕਲ ਦੀ ਮਨਜ਼ਲ ਪਾ ਜਾਵੇਂ

ਆਕੜ ਵਿਚ ਤੇ ਫਿਰਨਾ ਏਂ
ਜੇ ਸੋਚੇਂ ਤੇ ਸ਼ਰਮਾ ਜਾਵੇਂ

ਤੂੰ ਉਲਟਾ, ਧਰਤੀ ਦਾ ਜੁੱਸਾ, ਜ਼ਖ਼ਮਾਂ ਨਾਲ ਸਜਾਇਆ
ਕੱਟੇ ਜੰਗਲ, ਫੁੱਲ ਫੁੱਲਵਾਰੀ, ਮੀਲਾਂ ਵਿਚ ਸਫ਼ਾਇਆ
ਸ਼ੌਕ ਨੂੰ ਪੂਰਾ ਕਰਨ ਦੀ ਖ਼ਾਤਰ, ਮਾਰ ਜਨਾਵਰ ਢਾਇਆ
ਤੇਰਾ ਵਸ ਚਲੇ ਤੇ ਬੰਦਿਆ, ਧਰਤੀ ਨੂੰ ਵੀ ਖਾ ਜਾਵੇਂ

ਆਕੜ ਵਿਚ ਤੇ ਫਿਰਨਾ ਏਂ
ਜੇ ਸੋਚੇਂ ਤੇ ਸ਼ਰਮਾ ਜਾਵੇਂ

ਝੂਠੇ ਤੌਰ ਤਰੀਕੇ ਤੇਰੇ, ਸਚ ਦੀ ਰਾਹ ਤੋਂ ਡਰਨਾ ਏਂ
ਆਪੇ ਜ਼ੁਲਮ ਦੇ ਕੰਢੇ ਬੀਂ ਕੇ, ਜ਼ੁਲਮ ਦੇ ਹੱਥੋਂ ਮਰਨਾ ਏਂ
ਧਰਤੀ ਦੇ ਵਿਚ ਭਰੇ ਖ਼ਜ਼ਾਨੇ, ਵੇਖ ਦੂਜੇ ਨੂੰ ਸੜਨਾ ਏਂ
ਸਚੇ ਦਿਲ ਤੂੰ ਗ਼ੌਰ ਕਰੇਂ ਤੇ, ਸਚ ਦੀ ਲੌ ਨੂੰ ਪਾ ਜਾਵੇਂ

ਆਕੜ ਵਿਚ ਤੇ ਫਿਰਨਾ ਏਂ
ਜੇ ਸੋਚੇਂ ਤੇ ਸ਼ਰਮਾ ਜਾਵੇਂ

ਫ਼ੈਕਟਰੀਆਂ ਤੋਂ ਜ਼ਹਿਰ ਖਲਾਰੇਂ, ਹਵਾ ਕਰੇਂ ਜ਼ਹਿਰੀਲੀ
ਸ਼ੋਰ ਸ਼ਰਾਬੇ, ਚੀਕ ਚਹਾੜੇ, ਸੋਚ ਹੋਈ ਭੜਕੀਲੀ
ਧਰਤੀ ਰੋਂਦੀ ਲਹੂ ਦੇ ਅੱਥਰੂ, ਵੇਖ ਤੇਰੀ ਤਬਦੀਲੀ
ਮਰਜ਼ੀ ਦੀ ਵੰਡ ਪਾਣ ਦੀ ਖ਼ਾਤਰ, ਲੰਮੀਆਂ ਜੰਗਾਂ ਲਾ ਜਾਵੇਂ

ਆਕੜ ਵਿਚ ਤੇ ਫਿਰਨਾ ਏਂ
ਜੇ ਸੋਚੇਂ ਤੇ ਸ਼ਰਮਾ ਜਾਵੇਂ

ਗ਼ੌਰ ਤੇਰੇ ਤੇ ਕਰਨ ਫ਼ਰਿਸ਼ਤੇ, ਸਜਦਾ ਇਸ ਕਰਾਇਆ ਸੀ
ਧਰਤੀ ਪੁਛਦੀ ਰੱਬ ਸਚੇ ਤੋਂ, ਅਸ਼ਰਫ਼ ਇਹਨੂੰ ਬਣਾਇਆ ਸੀ
ਜਿਸ ਨੇ ਤੇਰੇ ਸਬਕ ਭੁਲਾ ਕੇ, ਜ਼ੁਲਮ ਦਾ ਭਾਂਬੜ ਲਾਇਆ ਸੀ
ਜੇ ਕੁਦਰਤ ਦੀ ਵਾਜ ਪਛਾਣੇਂ, ਆਪਣੀ ਅਸਲ ਨੂੰ ਪਾ ਜਾਵੇਂ

ਆਕੜ ਵਿਚ ਤੇ ਫਿਰਨਾ ਏਂ
ਜੇ ਸੋਚੇਂ ਤੇ ਸ਼ਰਮਾ ਜਾਵੇਂ

ਧਨ ਜਿਗਰਾ ਇਸ ਧਰਤੀ ਦਾ, ਜੋ ਤੇਰੇ ਜ਼ੁਲਮ ਸਹਾਰੇ
ਤੇਰੀਆਂ ਮੰਗਾਂ ਪੂਰੀਆਂ ਕਰਦੀ, ਨਾ ਥਕੇ, ਨਾ ਹਾਰੇ
ਜਦ ਖੇਡਾਂ ਤੋਂ ਫ਼ਾਰਗ਼ ਹੋਵੇਂ, ਝੋਲੀ ਵਿਚ ਉਤਾਰੇ
ਜੇ ਤੂੰ ਸਚ ਦੀ ਰਾਹ ਅਪਨਾਏਂ, ਐਸੀ ਤਾਕਤ ਪਾ ਜਾਏਂ

ਧਰਤੀ ਨੂੰ ਬੁਨਿਆਦ ਬਣਾ ਕੇ
ਚੌਦੀਂ ਤਬਕੀਂ ਛਾ ਜਾਏਂ

## ਰੁਬਾਈ

ਨਾਲੇ ਟੋਰ ਦੇਵੇਂ, ਨਾਲੇ ਵਾਜ ਮਾਰੇਂ
ਜਦੋਂ ਕੋਲ ਹੋਵਾਂ, ਓਦੋਂ ਦੂਰ ਹੋਵੇਂ

ਸਾਨੂੰ ਇਸ਼ਕ ਦੀ ਅੱਗ ਨੇ ਸਾੜ ਦਿੱਤਾ
ਭਲਾ ਤੂੰ ਕਿਉਂ ਇੰਜ ਮਜਬੂਰ ਹੋਵੇਂ

## ਗ਼ਜ਼ਲ

ਤੁਸੀਂ ਗੱਲਾਂ ਬਹੁਤ ਸੁਣਾਂਦੇ ਓ
ਕਦੀ ਦਿਲ ਦੀ ਗੱਲ ਵੀ ਕਰਿਆ ਕਰੋ

ਤੁਸੀਂ ਦਿਲ ਤੇ ਜ਼ਖ਼ਮ ਤੇ ਲਾਂਦੇ ਓ
ਕਦੀਂ ਦਿਲ ਦੇ ਜ਼ਖ਼ਮ ਨੂੰ ਭਰਿਆ ਕਰੋ

ਇਸ ਘੁੱਪ ਹਨੇਰੀ ਦੁਨੀਆ ਵਿਚ
ਇਕ ਮੇਰੇ ਪਿਆਰ ਦਾ ਚਾਨਣ ਏ

ਕਿਉਂ ਵਿਚ ਹਨੇਰੇ ਫਿਰਦੇ ਓ
ਕਦੀਂ ਚਾਨਣ ਵਿਚ ਵੀ ਫਿਰਿਆ ਕਰੋ

ਸਾਨੂੰ ਝਾਕੇ ਦੇ ਦੇ ਠਗਦੇ ਓ
ਜੇ ਗੱਲ ਕਰੀਏ ਤਾਂ ਭਜਦੇ ਓ

ਕੀ ਖੇਡ ਤਮਾਸ਼ੇ ਕਰਦੇ ਓ
ਇੰਜ ਵਹਿਮਾਂ ਨਾਲ ਨਾ ਡਰਿਆ ਕਰੋ

ਤੁਸੀਂ ਸਭ ਨਾਲ ਗੱਲਾਂ ਕਰਦੇ ਓ
ਪਰ ਸਭ ਕੋਲੋਂ ਫਿਰ ਡਰਦੇ ਓ

ਜਦ ਸਭ ਦੀਆਂ ਗੱਲਾਂ ਜਰਦੇ ਓ
ਕਦੀ ਮੇਰੀ ਗੱਲ ਵੀ ਜਰਿਆ ਕਰੋ

ਜੇ ਨਜ਼ਰਾਂ ਨੂੰ ਝੱਲ ਸਕਦੇ ਓ
ਫਿਰ ਲੁਕ ਲੁਕ ਕੇ ਕਿਉਂ ਤਕਦੇ ਓ

ਇਹ ਨਜ਼ਰਾਂ ਪਿਆਰ ਦੀਆਂ ਭਰੀਆਂ ਨੇਂ
ਐਵੇਂ ਨਖ਼ਰੇ ਬਹੁਤ ਨਾ ਕਰਿਆ ਕਰੋ

ਕਿਉਂ ‘ਸ਼ਮਸ’ ਨੂੰ ਹੁਣ ਤੜਫ਼ਾਂਦੇ ਓ
ਕਿਉਂ ਪਿਆਰ ਦਾ ਭਾਂਬੜ ਲਾਇਆ ਸੀ

ਉਹ ਮਾਣ ਤੁਹਾਡਾ ਕਰਦਾ ਏ
ਤੁਸੀਂ ਗ਼ੈਰਾਂ ਵਾਂਗ ਨਾ ਵਰ੍ਹਿਆ ਕਰੋ

# ਬੇ-ਚੈਨ ਅੱਖੀਂ

ਇਨ੍ਹਾਂ ਅੱਖੀਆਂ ਦਾ ਭੇਦ ਕੌਣ ਜਾਣੇ, ਲਗ ਜਾਣ ਤੇ ਲੈਣ ਨਾ ਚੈਨ ਅੱਖੀਂ
ਗ਼ਾਇਬ ਵਿਚ ਨਾ ਇਨ੍ਹਾਂ ਤਸਲੀਮ ਕਰਨਾ, ਜ਼ਾਹਿਰ ਵੇਖਿਆਂ ਬਾਝ ਨਾ ਰਹਿਣ ਅੱਖੀਂ
ਬਿਨਾਂ ਵੇਖਿਆਂ ਇਨ੍ਹਾਂ ਬੇ-ਨੂਰ ਰਹਿਣਾ, ਵੇਖ ਲੈਣ ਤੇ ਟਿਕ ਕੇ ਰਹਿਣ ਅੱਖੀਂ
ਭੁਲ ਜਾਣ ਫਿਰ ਆਸਿਆਂ ਪਾਸਿਆਂ ਨੂੰ, ਹੋ ਮਸਤ ਅਲਸਤ ਜਾ ਬਹਿਣ ਅੱਖੀਂ
ਬੁਲ ਸੀ ਕੇ ਤੇ, ਹੰਝੂ ਪੀ ਕੇ ਤੇ, ਚੁਪ ਹੋ ਕੇ ਦਿਲ ਦੀਆਂ ਕਹਿਣ ਅੱਖੀਂ
ਯਾਰ ਮੰਨੇ ਨਾ ਮੰਨੇ ਰਜ਼ਾ ਉਹਦੀ, ਅਰਜ਼ਾਂ ਦਿਲ ਦੀਆਂ ਕਹਿੰਦੀਆਂ ਰਹਿਣ ਅੱਖੀਂ
ਲੁਟ ਲੈਣ ਇਹ ਯਾਰ ਦੀ ਅੱਖ ਵਿਚੋਂ, ਮਏ ਜਾਮ ਦਾ ਨਾਮ ਨਾ ਲੈਣ ਅੱਖੀਂ
ਇਨ੍ਹਾਂ ਵੇਖਣਾ ਨਫ਼ਆ ਨੁਕਸਾਨ ਨਹੀਂ, ਸੂਲੀ ਨਜ਼ਰ ਤੇ ਟੰਗੀਆਂ ਰਹਿਣ ਅੱਖੀਂ
ਅਰਸ਼ ਫ਼ਰਸ਼ ਦੀਆਂ ਦਿਲੋਂ ਤਰਕ ਕਰਕੇ, ਭੰਵਰ ਅਕਲ ਦੇ ਵਿਚ ਨਾ ਪੈਣ ਅੱਖੀਂ
ਅੱਖੀਂ ਨਾਲ ਅੱਖੀਂ, ਅੱਖੀਂ ਚਾਰ ਕਰਕੇ, ਰਹਿਣ ਹੋ ਆਖ਼ਿਰ ਐਨੋ ਐਨ ਅੱਖੀਂ
ਜੇਕਰ ਯਾਰ ਦੀਆਂ ਅੱਖੀਆਂ ਦੂਰ ਹੋਵਣ, ਇਨ੍ਹਾਂ ਜਿਹਾ ਫ਼ਿਰ ਕਰਨਾ ਨਹੀਂ ਵੈਣ ਅੱਖੀਂ

ਸਾਵਣ ਭਾਦੋਂ ਦੇ ਬੱਦਲਾਂ ਵਾਂਗ ਵਰ੍ਹਸਨ, ਖ਼ੂਨ ਜਿਗਰ ਦਾ ਪੀਂਦੀਆਂ ਰਹਿਣ ਅੱਖੀਂ
ਕਰਕੇ ਯਾਦ ਫਿਰ ਯਾਰ ਦੇ ਵਾਅਦਿਆਂ ਨੂੰ, ਉੱਭੇ ਸਾਹ ਰੋਵਣ ਹੋ ਬੇ-ਚੈਨ ਅੱਖੀਂ
ਸੀਤੇ ਬੁਲ ਫਿਰ ਅੱਨੀਆਂ ਦੇ ਖੁਲ੍ਹ ਜਾਵਣ, ਚੀਖ਼ ਚੀਖ਼ ਕੇ ਦਿਲ ਦੀਆਂ ਕਹਿਣ ਅੱਖੀਂ
ਯਾਰ ਦੂਰ ਹੋਵੇ, ਨਿਗਾਹ ਬੇ-ਨੂਰ ਹੋਵੇ, ਚੌਧਾਂ ਤਬਕਾਂ 'ਚ ਲਭਦੀਆਂ ਰਹਿਣ ਅੱਖੀਂ
ਸਬਰ ਇਨ੍ਹਾਂ ਜਿਹਾ ਕਿਸੇ ਕੀ ਕਰਨਾ, ਰੋ ਰੋ ਕੇ ਵੀ ਹੱਸ ਪੈਣ ਅੱਖੀਂ
ਮੈਨੂੰ ਲੜਦਿਆਂ ਦਾ ਨਹੀਂ ਓ ਪਤਾ ਲਗਾ, ਹਟ ਗਿਆਂ ਤੇ ਪਾਂਦੀਆਂ ਵੈਣ ਅੱਖੀਂ
ਹੁਣ ਪਛਤਾਵਾ ਕਾਹਨੂੰ ਲਾ ਬੈਠਾ, ਬੇ-ਚੈਨ, ਬੇ-ਚੈਨ, ਬੇ-ਚੈਨ ਅੱਖੀਂ

## ਕਿਉਂ ਝਕਦਾ ਏਂ?

ਕਿਉਂ ਲੁਕ ਲੁਕ ਮੈਨੂੰ ਤਕਦਾ ਏਂ?
ਕਿਉਂ ਝਕਦਾ ਏਂ?
        ਮੈਨੂੰ ਆਪਣਾ ਆਪ ਬਣਾਇਆ ਸੀ
        ਉਲਫ਼ਤ ਦਾ ਭਾਂਬੜ ਲਾਇਆ ਸੀ
        ਹੁਣ ਬੋਲੇਂ ਨਾ
        ਦਿਲ ਖੋਲ੍ਹੇਂ ਨਾ
ਹੁਣ ਪਰੇ ਪਰੇ ਪਿਆ ਧਕਦਾ ਏਂ?
ਕਿਉਂ ਝਕਦਾ ਏਂ?
        ਮੈਨੂੰ ਇਸ਼ਕ ਦੇ ਰਸਤੇ ਪਾ ਕੇ
        ਦੁਨੀਆ ਦੇ ਸਬਕ ਭੁਲਾ ਕੇ
        ਹੁਣ ਮੂੰਹ ਫੇਰੇਂ
        ਮੇਰਾ ਦਿਲ ਤੋੜੇਂ
ਹੁਣ ਇਸ਼ਕ ਤੋਂ ਮੈਨੂੰ ਡਕਦਾ ਏਂ?
ਕਿਉਂ ਝਕਦਾ ਏਂ?
        ਬਿਨ ਮੇਰੇ ਕੌਣ ਪਛਾਣੇ ਗਾ
        ਤੇਰੇ ਦਿਲ ਦੀਆਂ ਕਿਹੜਾ ਜਾਣੇ ਗਾ
        ਹੁਣ ਨਜ਼ਰੀਂ ਆ
        ਛੱਡ, ਝਾਕਾ ਲਾਹ

ਕਿਉਂ ਓਲ੍ਹੇ ਬਹਿ ਕੇ ਤਕਦਾ ਏਂ?
ਕਿਉਂ ਝਕਦਾ ਏਂ?
ਮੇਰੀ ਤਾਂਘ ਤੈਨੂੰ ਤੜਫ਼ਾਏ ਗੀ
ਤੇਰੇ ਮਨ ਵਿਚ ਖਿਚਾਂ ਪਾਏ ਗੀ
ਦਿਲ ਕਹਿੰਦਾ ਏ
ਨਹੀਂ ਰਹਿੰਦਾ ਏ
ਤੂੰ ਭੁਲ ਵੀ ਕਿਵੇਂ ਸਕਦਾ ਏਂ?
ਕਿਉਂ ਝਕਦਾ ਏਂ?
ਕਿਉਂ ਲੁਕ ਲੁਕ ਮੈਨੂੰ ਤਕਦਾ ਏਂ?

## ਬੱਦਲਾ ਸੌਣ ਦਿਆ

ਬੱਦਲਾ ਸੌਣ ਦਿਆ
ਤੂੰ ਫਿਰਦਾ ਏਂ ਪੈਲਾਂ ਪਾਂਦਾ

ਕਦੀਂ, ਇਸ ਪਾਸੇ
ਕਦੀਂ, ਉਸ ਪਾਸੇ
ਕਦੀਂ ਚੜ੍ਹ ਜਾਏਂ ਉੱਪਰ ਅਸਮਾਨਾਂ ਦੇ
ਕਦੀਂ ਆ ਜਾਏਂ ਪਾਸ ਮਕਾਨਾਂ ਦੇ

ਕਦੀਂ ਨਜ਼ਰ ਨਾ ਆਵੇਂ ਜਾਂਦਾ
ਬੱਦਲਾ ਸੌਣ ਦਿਆ
ਤੂੰ ਫਿਰਦਾ ਏਂ ਪੈਲਾਂ ਪਾਂਦਾ

ਕਦੀਂ ਚਮਕੇਂ ਤੂੰ
ਕਦੀਂ ਕੜਕੇਂ ਤੂੰ
ਕਦੀਂ ਪਾਨਾ ਏਂ ਨਿਮ੍ਹੀ ਫੁਆਰ
ਕਦੀਂ ਵਰ੍ਹਨਾ ਏਂ ਧਾਰੋ ਧਾਰ

ਕਦੀਂ ਸਭ ਨੂੰ ਰਹੇਂ ਤਰਸਾਂਦਾ
ਬੱਦਲਾ ਸੌਣ ਦਿਆ
ਤੂੰ ਫਿਰਦਾ ਏਂ ਪੈਲਾਂ ਪਾਂਦਾ

ਤੂੰ ਵੇਖੇਂ ਨਾ ਖ਼ਰਮਸਤੀ ਵਿਚ
ਕਈ ਲੀਰਾਂ ਪਾ ਕੇ ਰਹਿੰਦੇ ਨੇਂ ਇਸ ਬਸਤੀ ਵਿਚ
ਕਿਤੇ ਝੁਗੀਆਂ ਟਪਕਣ, ਟਪ, ਟਪ, ਟਪ
ਕਿਤੇ ਕੋਠੇ ਚੋਂਦੇ ਸ਼ੜਪ, ਸ਼ੜਪ

ਤੈਨੂੰ ਜ਼ਰਾ ਲਿਹਾਜ਼ ਨਹੀਂ ਆਂਦਾ
ਬੱਦਲਾ ਸੌਣ ਦਿਆ
ਤੂੰ ਫਿਰਦਾ ਏਂ ਪੈਲਾਂ ਪਾਂਦਾ
ਜ਼ਰਾ ਵੇਖ ਤੇ ਇਕ ਮਅਸੂਮ ਕੁੜੀ
ਬੈਠੀ ਏ ਚੁਲ੍ਹੇ ਨਾਲ ਜੁੜੀ

ਉਹਦੀ ਅੱਖੀਆਂ ਧੂੰ ਤੋਂ ਖੁਲ੍ਹਦੀਆਂ ਨਾ
ਲਕੜਾਂ ਨੇਂ ਗਿਲੀਆਂ, ਬਲਦੀਆਂ ਨਾ

ਕੁਝ ਉੱਸ ਦੀ ਵੀ ਸੁਣਦਾ ਜਾਂਦਾ

ਬੱਦਲਾ ਸੌਣ ਦਿਆ

ਤੂੰ ਫਿਰਦਾ ਏਂ ਪੈਲਾਂ ਪਾਂਦਾ

# ਘੁੰਮਣ ਘੇਰੀ

ਢਿੱਡ ਵੀ ਸਮਝੋ ਘੁੰਮਣ ਘੇਰੀ
ਜਿਸ ਵਿਚ ਫਸ ਕੇ ਲੰਘ ਜਾਂਦੀ ਏ ਤੇਰੀ ਮੇਰੀ

— ਜਮਿਉਂ ਢਿੱਡ ਦੀਆਂ ਫ਼ਿਕਰਾਂ ਪਈਆਂ
ਚੀਕਾਂ ਚੜ੍ਹ ਅਸਮਾਨੇ ਗਈਆਂ
ਦੁਨੀਆ ਲਗੇ ਅੰਨ੍ਹੇਰੀ

— ਭਰ ਭਰ ਇਸ ਨੂੰ ਉਮਰ ਗੁਜ਼ਾਰੇਂ
ਜਾਨਾਂ ਮਾਰੇਂ
ਕਦੀ ਕਰੇਂ ਨਾ ਦੇਰੀ

— ਇਸ ਦੀ ਖ਼ਾਤਰ ਸਭ ਕੁਛ ਕਰ ਲਏਂ
ਭੁੱਖੇ ਤੋਂ ਵੀ ਖੋਹ ਕੇ ਭਰ ਲਏਂ
ਦਸਦਾ ਫਿਰੇਂ ਦਲੇਰੀ

— ਪਰ ਜੇ ਇਸ ਨੂੰ ਭਰ ਨਾ ਸਕੇਂ ਤੂੰ
ਇਸ਼ਕ ਵੀ ਦਿਲ ਤੋਂ ਕਰ ਨਾ ਸਕੇਂ ਤੂੰ
ਭੁਲ ਜਾਈਂ ਬੱਬਰ ਸ਼ੇਰੀ

— ਭੰਨ ਛੱਡਦੀ ਏ ਆਕੜ ਸਾਰੀ
ਢਿੱਡ ਦੀ ਘੁੰਮਣ ਘੇਰੀ

# ਪਾਣੀ ਵਿਚ ਮਧਾਣੀ

ਇਕ ਬੰਦਾ-- ਆਓ, ਤੁਹਾਨੂੰ ਚਾਹ ਪਿਲਾਵਾਂ
ਨਾਲੇ ਅੱਜ ਦੀ ਗੱਲ ਸੁਣਾਵਾਂ
ਸ਼ਮਸ--- ਪਰ ਮੈਂ ਤੇ ਪਹਿਲੇ ਈ ਪੀ ਕੇ ਆਇਆਂ
ਕੱਠੀਆਂ ਦੋ ਪਿਆਲੀਆਂ,
ਉਹ ਬੰਦਾ-- ਚਲੋ, ਫ਼ਰਕ ਕੀ ਪੈਂਦਾ ਏ,
ਸ਼ਮਸ--- ਹੈਂ! ਕੁਝ ਵੀ ਫ਼ਰਕ ਨਹੀਂ ਪੈਂਦਾ ਏ!
ਇਹ ਮੈਨੂੰ ਕੀ ਕਹਿੰਦਾ ਏ!
ਸਵੇਰੇ ਚਾਹ, ਦੁਪਹਿਰੇ ਚਾਹ
ਸ਼ਾਮੀਂ, ਰਾਤ ਹਨੇਰੇ ਚਾਹ
ਦਿਨ ਵਿਚ ਕਈ ਕਈ ਫੇਰੇ ਚਾਹ,
ਕੁਝ ਵੀ ਫ਼ਰਕ ਨਹੀਂ ਪੈਂਦਾ ਏ,
ਆਪਣੇ ਆਪ ਨਾਲ- ਹਾਂ, ਇਹ ਠੀਕ ਈ ਕਹਿੰਦਾ ਏ,
ਚਾਹ ਕੀ ਏ?

ਤੱਤੇ ਪਾਣੀ, ਚਾਹ ਦੇ ਪੱਤੇ
ਖੰਡ ਦੇ ਦਾਣੇ, ਦੁੱਧ ਦੇ ਕਤਰੇ,
ਇਸ ਵਿਚ ਕਿਹੜੀ ਚਾਹ ਪਾਣੀ ਏ!
ਇਸ ਚੋਂ ਕਿਹੜੀ ਚਾਹ ਆਣੀ ਏ!
ਪਾਣੀ ਵਿਚ ਮਧਾਣੀ ਏ-

# ਗੂੜ੍ਹੀ ਮੈਲ

ਸਾਬਣ ਰੰਗ ਬਰੰਗੇ,
ਹਰੇ, ਗੁਲਾਬੀ, ਚਿੱਟੇ, ਨੀਲੇ
ਰੰਗੇ ਕਈ ਤਰੰਗੇ,
ਸੋਹਣਿਆਂ ਵਰਕਾਂ ਵਿਚ ਵਲ੍ਹੇਟੇ
ਵੇਖਣ ਨੂੰ ਸਭ ਚੰਗੇ,
ਹੱਟੀਆਂ ਵਾਲੇ ਕਰਨ ਤਅਰੀਫ਼ਾਂ
ਸਭ ਦੀਆਂ, ਜੋ ਕੋਈ ਮੰਗੇ,
ਮਲ ਮਲ ਲੋਕੀ ਮੈਲ ਉਤਾਰਨ
ਸਮਝਣ ਯੂਸਫ਼ ਵੰਗੇ,
ਅੰਦਰ ਦੀ ਪਰ ਮੈਲ ਨਾ ਉਤਰੇ
ਗੂੜ੍ਹੀ ਮੈਲ ਤੋਂ ਰੰਗੇ-

# ਰੁਬਾਈ

ਕਿਉਂ ਮੈਥੋਂ ਗੱਲਾਂ ਛੁਪਾਨਾ ਏਂ
ਗੱਲ ਗੱਲ ਤੇ ਗੁੰਝਲਾਂ ਪਾਨਾ ਏਂ

ਮੇਰੇ ਦਿਲ ਵਿਚ ਹੋਰ ਤੇ ਵੱਸਦਾ ਨਹੀਂ
ਕਿਉਂ ਸੋਚਾਂ ਵਿਚ ਘਬਰਾਨਾ ਏਂ

## ਜੁਮਆ ਬਾਜ਼ਾਰ

ਇਹ ਜੇ ਸਾਡਾ ਜੁਮਆ ਬਾਜ਼ਾਰ,
ਇੱਥੇ ਮਿਲਦੀ ਹਰ ਸ਼ੈ ਸਸਤੀ
ਬੜੇ ਬੜੇ ਅੰਬਾਰ,
ਸਿਲੇ ਸਿਲਾਏ ਕਪੜੇ ਵਿਕਦੇ
ਫਲ, ਤਰਕਾਰੀ, ਦਾਲ, ਅਚਾਰ,
ਰੇੜ੍ਹੀਆਂ ਵਾਲੇ ਲੈ ਕੇ ਜਾਂਦੇ
ਖੋਖਿਆਂ ਵਾਲੇ ਕਰਨ ਬਿਪਾਰ,
ਵੱਧੀਆ ਸੌਦਾ ਉੱਚੀਆਂ ਹੱਟੀਆਂ
ਵੱਢੀਆਂ ਦੇ ਬਾਜ਼ਾਰ,
ਬਹੁਤਾ ਮਾਲ ਤੇ ਵਿਕ ਵੁਕ ਜਾਂਦਾ
ਰਾਤੀਂ, ਸੁਬ੍ਹਾ ਨਿਹਾਰ,
ਬਚਿਆ ਸੌਦਾ ਲੋਕ ਖ਼ਰੀਦਣ
ਭਰ ਭਰ ਗੰਢਾਂ ਮਾਰ,

ਸਭ ਨੂੰ ਜਾ ਕੇ ਦੇਣ ਮੁਬਾਰਕ
ਲੁਟ ਲਿਆ ਅੱਜ ਬਾਜ਼ਾਰ,
ਵੇਚਣ ਵਾਲੇ ਖ਼ੁਸ਼ੀਆਂ ਕਰਦੇ
ਰਹਿੰਦ ਖੂੰਦ ਵੀ ਪਾਰ,

ਇਹ ਜੇ ਜੁਮਆ ਬਾਜ਼ਾਰ-

## ਕਿੱਕਰੀ ਦੀ ਛਾਂ ਥੱਲੇ

ਆ ਜਾ ਕਿੱਕਰੀ ਦੀ ਠੰਡੀ ਠੰਡੀ ਛਾਂ ਥੱਲੇ
ਦੋਵੇਂ ਬੈਠੀਏ ਜ਼ਮਾਨੇ ਕੋਲੋਂ ਕੱਲੇ
ਭਾਵੇਂ ਨਾ ਸਾਨੂੰ ਝੱਲੇ

ਅਸੀਂ ਤੇ ਦਿਲ ਲਾ ਬੈਠੇ
ਤੈਨੂੰ ਆਪਣਾ ਬਣਾ ਬੈਠੇ

ਇਸੇ ਕਿੱਕਰੀ ਦੀ ਛਾਂ ਥੱਲੇ ਬਹਿੰਦੇ ਸਾਂ
ਛੁਪ ਕੇ ਜ਼ਮਾਨੇ ਕੋਲੋਂ ਰਹਿੰਦੇ ਸਾਂ
ਦਿਲਾਂ ਦੀਆਂ ਕਹਿੰਦੇ ਸਾਂ

ਵਿਛੋੜੇ ਕਾਹਨੂੰ ਪਾ ਬੈਠੇ
ਅਸੀਂ ਤੇ ਦਿਲ ਲਾ ਬੈਠੇ

ਮੈਨੂੰ ਛੱਡਤਾ ਜ਼ਮਾਨੇ ਦੇ ਤੂਫ਼ਾਨਾਂ ਵਿਚ
ਉਦਾਸੀਆਂ ਦੇ ਉਜੜੇ ਜਹਾਨਾਂ ਵਿਚ
ਪਰ ਅਸੀਂ ਤੇ ਧਿਆਨਾਂ ਵਿਚ

ਦੁਖੜੇ ਭੁਲਾ ਬੈਠੇ
ਅਸੀਂ ਤੇ ਦਿਲ ਲਾ ਬੈਠੇ

ਤੈਨੂੰ ਦੱਸਾਂ ਗੀ ਵਿਛੋੜੇ ਦੀਆਂ ਗੱਲਾਂ
ਭਲਾ ਦਿਲ ਨੂੰ ਮੈਂ ਕਦੋਂ ਤਕ ਠੱਲਾਂ
ਤੇਰੇ ਪਿਆਰ ਦੀਆਂ ਛੱਲਾਂ

ਸੀਨੇ ਦੇ ਵਿਚ ਪਾ ਬੈਠੇ
ਅਸੀਂ ਤੇ ਦਿਲ ਲਾ ਬੈਠੇ

ਆ ਜਾ ਕਿੱਕਰੀ ਦੀ ਠੰਡੀ ਠੰਡੀ ਛਾਂ ਥੱਲੇ

## ਗ਼ਜ਼ਲ

ਤੂੰ ਸੁਣ ਤੇ ਸਹੀ ਮੇਰੀ ਗੱਲ, ਜ਼ਰਾ ਵੇਖ ਤੇ ਸਹੀ ਮੇਰੇ ਵੱਲ

ਅੱਜ ਦਿਲ ਦੀਆਂ ਗੱਲਾਂ ਕਰ ਲੈਣ ਦੇ
ਅੱਜ ਸੁਣ ਨਾ ਸਕਾਂ ਗਾ ਕਲ

ਮੈਨੂੰ ਜਾਨ ਤੋਂ ਪਿਆਰਾ ਲਗਦਾ ਏ, ਤੇਰੇ ਮਿਲਣੇ ਦਾ ਹਰ ਪਲ

ਇੰਜ ਪਾਸਾ ਮੋੜ ਕੇ ਬੈਠੇਂ ਗਾ
ਫਿਰ ਨਿਕਲੇ ਗਾ ਕੀਹ ਹਲ

ਹੁਣ ਛੱਡ ਦੇ ਆਦਤ ਰੁਸਣੇ ਦੀ, ਜ਼ਰਾ ਇਸ਼ਕ ਦੀ ਰਾਹ ਤੇ ਚਲ

ਮੈਂ ਤੈਨੂੰ ਵੇਖ ਕੇ ਜੀਨਾ ਆਂ
ਕਿਉਂ ਮੱਥੇ ਚੜ੍ਹ ਗਏ ਬਲ

ਇੰਜ ਗ਼ੁੱਸੇ ਨਾਲ ਜੋ ਵੇਖੇਂ ਗਾ, ਮੈਂ ਕਰ ਨਾ ਸਕਾਂ ਗਾ ਗੱਲ

ਕਿਵੇਂ ਛੱਡ ਦਾਂ ਤੇਰੀ ਮਜਲਿਸ ਨੂੰ
ਤੇਰੇ ਇਸ਼ਕ ਨੇ ਕੀਤਾ ਸ਼ਲ

ਤੂੰ ਵੀ ਕਹਿ ਆਪਣੇ ਦਿਲ ਦੀ, ਜ਼ਰਾ ਮੇਰੀ ਤੇ ਸੁਣਦਾ ਚਲ

ਮੈਂ ਸੱਚੀਆਂ ਗੱਲਾਂ ਕਰ ਦਾਂ ਗਾ
ਮੈਨੂੰ ਆਂਦੇ ਨਹੀਂ ਵੱਲ ਛੱਲ

ਹੁਣ 'ਸ਼ਮਸ' 'ਚ ਬਾਕੀ ਕੀਹ ਬੱਚਿਆ, ਗਿਆ ਇਸ਼ਕ ਤੇਰੇ ਵਿਚ ਜਲ

## ਨਜ਼ਮ

ਕਿਉਂ ਵਿਟਰੇ ਵਿਟਰੇ ਫਿਰਦੇ ਓ, ਮੈਂ ਕੀਹ ਗੁਸਤਾਖ਼ੀ ਕਰ ਬੈਠਾ
ਮੈਂ ਹੁਸਨ ਤੇਰੇ ਨੂੰ ਮੰਨਿਆ ਸੀ
ਮੈਂ ਲੜ ਤੇਰੇ ਨਾਲ ਬੰਨ੍ਹਿਆ ਸੀ
ਮੈਂ ਤੇਰੀ ਅਦਾਅ ਤੇ ਮਰ ਬੈਠਾ, ਮੈਂ ਕੀਹ ਗੁਸਤਾਖ਼ੀ ਕਰ ਬੈਠਾ
ਮੈਂ ਦਿਲ ਤੇਰੇ ਨਾਲ ਜੋੜ ਲਿਆ
ਇਸ ਦੁਨੀਆ ਤੋਂ ਮੂੰਹ ਮੋੜ ਲਿਆ
ਸਭ ਛੱਡ ਕੇ ਤੇਰੇ ਦਰ ਬੈਠਾ, ਮੈਂ ਕੀਹ ਗੁਸਤਾਖ਼ੀ ਕਰ ਬੈਠਾ
ਤੇਰੇ ਇਸ਼ਕ ਦੀ ਮੰਨਜ਼ਲ ਪਾਣ ਲਈ
ਮੈਂ ਆਪਣਾ ਆਪ ਮੁਕਾਣ ਲਈ
ਦੁਨੀਆ ਦੇ ਧੱਕੇ ਜਰ ਬੈਠਾ, ਮੈਂ ਕੀਹ ਗੁਸਤਾਖ਼ੀ ਕਰ ਬੈਠਾ
ਅੱਜ ਲਗਦੇ ਓ ਕੁਛ ਹੋਰ ਤਰ੍ਹਾਂ
ਪਰ ਮੈਂ ਕਿਵੇਂ ਮਨਜ਼ੂਰ ਕਰਾਂ
ਕੋਈ ਦਿਲ ਤੇਰੇ ਨੂੰ ਭਰ ਬੈਠਾ, ਮੈਂ ਕੀਹ ਗੁਸਤਾਖ਼ੀ ਕਰ ਬੈਠਾ
ਤੁਸੀਂ ਗ਼ੈਰਾਂ ਕੋਲ ਨਾ ਜਾਇਆ ਕਰੋ
ਕੋਈ ਵਹਿਮ ਨਾ ਦਿਲ ਨੂੰ ਲਾਇਆ ਕਰੋ
ਮੈਂ ਵਹਿਮਾਂ ਤੋਂ ਈ ਡਰ ਬੈਠਾ, ਮੈਂ ਕੀਹ ਗੁਸਤਾਖ਼ੀ ਕਰ ਬੈਠਾ

ਦਿਨ ਰਾਤ ਤੁਹਾਡੇ ਨਾਲ ਫਿਰਨ
ਸਭ ਨਜ਼ਰਾਂ ਤੋਂ ਮਹਿਫ਼ੂਜ਼ ਕਰਨ
ਮੈਂ ਆਣ ਤੁਹਾਡੇ ਘਰ ਬੈਠਾ, ਮੈਂ ਕੀਹ ਗੁਸਤਾਖ਼ੀ ਕਰ ਬੈਠਾ
ਕਿਉਂ ਵਿਟਰੇ ਵਿਟਰੇ ਫਿਰਦੇ ਓ

## ਗ਼ਜ਼ਲ

ਆਏ ਓ, ਤੇ ਬੈਠਿਆ ਜੇ ਮੇਰੇ ਕੋਲ ਵੀ
ਕਹਿਣ ਨੂੰ ਤੇ ਰਹਿ ਗਿਆ ਸੀ ਤੇਰੇ ਕੋਲ ਵੀ

ਥੋੜੀ ਦੇਰ ਠਹਿਰਦੇ, ਤਾਂ ਗੱਲ ਹੁੰਦੀ ਪੂਰੀ
ਗੱਲ ਤੇਰੀ ਰਹਿ ਗਈ ਤੇ ਮੇਰੇ ਕੋਲ ਵੀ

ਅੱਜ ਤੇ ਪਿਆਰ ਦੀਆਂ ਗੱਲਾਂ ਲਈ ਠਹਿਰਨਾ
ਬਚੇ ਨਾ ਸੁਨਾਣ ਲਈ ਕਿਸੇ ਕੋਲ ਵੀ

ਮੇਰੇ ਹੁੰਦੇ ਡਰੋ ਨਾ ਹਨੇਰੀ ਰਾਤ ਤੋਂ
ਹੰਝੂਆਂ ਦੀ ਰੋਸ਼ਨੀ ਹਨੇਰੇ ਕੋਲ ਵੀ

ਦੂਰ ਦੂਰ ਰਹਿੰਦੇ ਓ, ਤੁਹਾਡੀ ਮਰਜ਼ੀ
ਕਦੀਂ ਕਦੀਂ ਪਾਇਆ ਕਰੋ ਫੇਰੇ ਕੋਲ ਵੀ

ਥੋੜੀ ਜਿਹੀ ਰਹਿੰਦੀ ਏ, ਨਾਰਾਜ਼ ਹੁੰਦੇ ਓ
ਤਾਰੇ ਬਚ ਜਾਂਦੇ ਨੇਂ ਸਵੇਰੇ ਕੋਲ ਵੀ

'ਸ਼ਮਸ' ਨੂੰ ਛੱਡਿਆ, ਤੇ ਚੈਨ ਸਾਡਾ ਖੁੱਸਿਆ
ਤੇਰੇ ਕੋਲ ਰਹਿ ਗਿਆ ਨਾ ਮੇਰੇ ਕੋਲ ਵੀ

# ਇਹ ਕੀਹ ਪਿਆ ਚੰਨ ਚੜ੍ਹਾਨਾ ਏਂ!

ਤੂੰ ਇੱਥੇ ਬਹਿ ਨਹੀਂ ਰਹਿਣਾ, ਫਿਰ ਝੇੜੇ ਕਿਉਂ ਪਾਨਾ ਏਂ
ਕਿਉਂ ਖੁਭ ਕੇ ਲੋਭ ਦੇ ਖੋਬੇ ਵਿਚ, ਤੂੰ ਆਪਣਾ ਆਪ ਗੁਆਨਾ ਏਂ
ਇਹ ਕੀਹ ਪਿਆ ਚੰਨ ਚੜ੍ਹਾਨਾ ਏਂ!

ਇਹ ਧਰਤੀ ਸਭ ਦੀ ਧਰਤੀ ਏ, ਤੂੰ ਇਸ ਨੂੰ ਕਿਤਨਾ ਖਾ ਲੇਏਂ ਗਾ
ਇਸ ਢਿੱਡ ਦੀ ਹੱਦ ਵੀ ਆਪਣੀ ਏ, ਤੂੰ ਇਸ ਵਿਚ ਕਿਤਨਾ ਪਾ ਲਏਂ ਗਾ
ਤੂੰ ਸੋਨਾ, ਹੀਰੇ ਕੱਠਿਆਂ ਕਰਕੇ, ਕਿਤਨੇ ਢੇਰ ਲਗਾ ਲਏਂ ਗਾ

ਇਹ ਸਭ ਕੁਝ ਪਿਛੇ ਰਹਿ ਜਾਣਾ
ਕਿਉਂ ਜਾਨ ਅਜ਼ਾਬੀਂ ਪਾਨਾ ਏਂ
ਇਹ ਕੀਹ ਪਿਆ ਚੰਨ ਚੜ੍ਹਾਨਾ ਏਂ!

ਤੂੰ ਆਂਢ ਗੁਆਂਢ ਨੂੰ ਕੀਹ ਜਾਣੇਂ, ਤੇਰੀ ਆਪਣੀ ਅੱਗ ਨਾ ਬੁਝਦੀ ਏ
ਜੇ ਲੋੜ ਤੋਂ ਵਧ ਵੀ ਲਭ ਜਾਵੇ, ਤੈਨੂੰ ਫਿਰ ਵੀ ਗੱਲ ਨਾ ਪੁਜਦੀ ਏ
ਤੂੰ ਸਭ ਨੂੰ ਲੁਟਣਾ ਚਾਹਨਾ ਵੇਂ, ਤੈਨੂੰ ਹਰ ਦੰਮ ਚੱਟੀ ਸੁਝਦੀ ਏ

ਕੋਈ ਹੱਕ ਦੀ ਗੱਲ ਸੁਣਾਂਦਾ ਏ
ਤੂੰ ਸੂਲੀ ਚੁਕ ਚੜ੍ਹਾਨਾ ਏਂ
ਇਹ ਕੀਹ ਪਿਆ ਚੰਨ ਚੜ੍ਹਾਨਾ ਏਂ!

ਤੂੰ ਜ਼ੁਲਮ ਤੇ ਹੁੰਦਾ ਸਹਿ ਲਵੇਂ, ਪਰ ਜ਼ਾਲਿਮ ਵੇਖ ਕੇ ਨਠਦਾ ਏਂ
ਤੂੰ ਰੱਜਿਆਂ ਦਾ ਮਾਣ ਕਰੇਂ, ਪਰ ਭੁੱਖਾ ਵੇਖ ਕੇ ਹੱਸਦਾ ਏਂ
ਕੋਈ ਪਿਆਰ ਤੇਰੇ ਤੋਂ ਮੰਗਦਾ ਏ, ਤੂੰ ਜ਼ਹਿਰੀ ਬਣ ਕੇ ਡਸਦਾ ਏਂ

ਕਿਉਂ ਪਿਆਰ ਦਾ ਵੈਰੀ ਬਣਿਆ ਏਂ
ਕਿਉਂ ਜ਼ੁਲਮ ਦੇ ਤੀਰ ਚਲਾਨਾ ਏਂ
ਇਹ ਕੀਹ ਪਿਆ ਚੰਨ ਚੜ੍ਹਾਨਾ ਏਂ!

ਮੰਨਿਆ, ਦੌਲਤ ਖ਼ਰਚੇਂ ਗਾ, ਤੇ ਸਭ ਕੁਛ ਹਾਸਲ ਕਰ ਲਏਂ ਗਾ
ਤੂੰ ਵੰਨ ਸਵੰਨੇ ਖਾਣੇ ਖਾ ਕੇ, ਢਿੱਡ ਨੂੰ ਗਲ ਤਕ ਭਰ ਲਏਂ ਗਾ
ਸੋਹਣੇ ਕਪੜੇ, ਕਾਰਾਂ, ਬੰਗਲੇ, ਹੀਰੇ ਘਰ ਵਿਚ ਧਰ ਲਏਂ ਗਾ

ਇਸ ਦੁਨੀਆ ਤੇ ਮੁਕਣਾ ਨਹੀਂ
ਕਿਉਂ ਆਪਣਾ ਚੈਨ ਮੁਕਾਨਾ ਏਂ
ਇਹ ਕੀਹ ਪਿਆ ਚੰਨ ਚੜ੍ਹਾਨਾ ਏਂ!

ਇਕ ਦੁਨੀਆ ਤੇਰੇ ਅੰਦਰ ਵਸਦੀ, ਉੱਸ ਦੀ ਭੁੱਖ ਵੀ ਲਾਹਿਆ ਕਰ
ਉਹ ਮੰਗਦੀ ਏ ਪਿਆਰ ਦੀ ਦੌਲਤ, ਸਭ ਨਾਲ ਪਿਆਰ ਬੜ੍ਹਾਇਆ ਕਰ
ਸਭ ਦਾ ਹੋ ਜਾ, ਸਭ ਤੇਰੇ ਨੇਂ, ਸਭ ਨਾਲ ਵੰਡ ਕੇ ਖਾਇਆ ਕਰ

ਸਭ ਖ਼ਲਕਤ ਦਾ ਹਿੱਸਾ ਬਣ ਜਾ
ਫਿਰ ਵੇਖੀਂ ਕੀਹ ਪਾਨਾ ਏਂ

ਤੂੰ ਇੱਥੇ ਬਹਿ ਨਹੀਂ ਰਹਿਣਾ, ਫਿਰ ਝੇੜੇ ਕਿਉਂ ਪਾਨਾ ਏਂ!

# ਵਾਅ ਦੇ ਵਰੋਲਿਆ

ਓਏ, ਵਾਅ ਦੇ ਵਰੋਲਿਆ
ਕਿਸੇ ਨਾਲ ਤੂੰ ਵੀ ਕਦੀਂ ਦਿਲ ਖੋਲਿਆ?
ਕਿ ਇਕੋ ਕੰਮ ਲਗਾ ਏਂ
ਨਾ ਸੋਚਿਆ, ਨਾ ਤੋਲਿਆ
ਓਏ, ਵਾਅ ਦੇ ਵਰੋਲਿਆ!

        ਕੰਮ ਤੇਰਾ ਕਾਗ਼ਜ਼ਾਂ ਤੇ ਤਿਤਲੀਆਂ ਨੂੰ ਫੜ ਕੇ
        ਘੋਲ ਘੋਲ ਮਿੱਟੀ ਦੇ ਗ਼ੁਬਾਰ ਵਿਚ ਰੋਲਣਾ
        ਤਾਂਹ ਕਿਤੇ ਉੱਚੇ ਅਸਮਾਨਾਂ ਉੱਤੇ ਖੜ ਕੇ
        ਆਂਦੇ ਜਾਂਦੇ ਲੋਕਾਂ ਦਿਆਂ ਸਿਰਾਂ ਵਿਚ ਡੋਲ੍ਹਣਾ
        ਤੇ ਹੱਸ ਹੱਸ ਬੋਲਣਾ

ਕਿਸੇ ਦੇ ਤੂੰ ਦਿਲ ਨੂੰ ਟੱਟੋਲਿਆ?
ਓਏ, ਵਾਅ ਦੇ ਵਰੋਲਿਆ!

        ਕੋਠਿਆਂ ਦੀ ਛਤਾਂ ਨੂੰ ਮਰੋੜ ਕੇ ਉਧੇੜਨਾ
        ਕੂੜੇ ਨੂੰ ਖਲੇਰਨਾ
        ਤੇ ਝੁੱਗੀਆਂ ਬਖੇਰਨਾ
        ਮੁਕਿਆਂ ਨੂੰ ਮਾਰਨਾ
        ਤੇ ਸਾੜਨਾ

ਦਿਲ ਤੇਰਾ ਕਦੀਂ ਵੀ ਨਹ ਡੋਲਿਆ?
ਓਏ, ਵਾਅ ਦੇ ਵਰੋਲਿਆ!

ਮੇਰੀ ਮੰਨ, ਸ਼ਹਿਰ ਵਿਚ ਘੁੰਮ ਜਾ ਸਵੇਰ ਨੂੰ
ਆਪਣੇ ਮਰੋੜੇ ਵਿਚ ਝੂਠ ਨੂੰ ਲਪੇਟ ਲੈ
ਦੂਰ ਜਾ ਕੇ ਸੁੱਟ ਦੇ ਤੂੰ ਖ਼ੌਫ਼ ਤੇ ਗਵੇੜ ਨੂੰ
ਲੰਬੀ ਲੰਬੀ ਬਾਹਵਾਂ ਵਿਚ ਹਿਰਸ ਨੂੰ ਵਲ੍ਹੇਟ ਲੈ
ਜ਼ੁਲਮ ਨੂੰ ਸਮੇਟ ਲੈ

ਲੈ, ਤੇਰੇ ਨਾਲ ਦਿਲ ਨੂੰ ਮੈਂ ਖੋਲ੍ਹਿਆ
ਓਏ, ਵਾਅ ਦੇ ਵਰੋਲਿਆ!
ਕਿਸੇ ਨਾਲ ਤੂੰ ਵੀ ਕਦੀਂ ਦਿਲ ਖੋਲ੍ਹਿਆ?
ਕਿ ਇਕੋ ਕੰਮ ਲਗਾ ਏਂ
ਨਾ ਸੋਇਚਆ, ਨਾ ਤੋਲਿਆ-

# ਅੱਲ੍ਹਾ ਦਾ ਸਿਪਾਹੀ

ਉੱਚਿਆਂ ਨੀਵਿਆਂ ਰਾਹਵਾਂ ਉੱਤੇ ਡਿਗਦਾ ਢਹਿੰਦਾ
ਪੱਥਰਾਂ ਨਾਲ ਖਹਿੰਦਾ
ਭੁੱਖਾਂ ਸਹਿੰਦਾ
ਅੱਖਾਂ ਸੁਜੀਆਂ, ਸਿਰ ਵਿਚ ਮਿੱਟੀ
ਪਿੰਨੀ ਫੱਟੜ, ਉਂਗਲੀ ਕਟੀ
ਤਰ ਸੀ ਲਹੂ ਤੋਂ ਸਿਰ ਦੀ ਪੱਟੀ
ਜ਼ਖ਼ਮੀ ਪੈਰੋਂ ਖ਼ੂਨ ਸੀ ਰਿਸਦਾ
ਫਿਰ ਵੀ ਚਹਿਰਾ ਚੰਮਕੇ ਜਿਸਦਾ
ਮੱਥੇ ਨੂਰ ਖ਼ੁਦਾ ਦਾ ਦਿਸਦਾ,
ਮੋਢੇ ਤੇ ਬੰਦੂਕ ਸਜਾਏ
ਗਲ ਵਿਚ ਵੱਡੀ ਪੈਟੀ ਪਾਏ
ਹੌਲੀ, ਹੌਲੀ ਚਲਦਾ ਜਾਏ,

ਅੱਲ੍ਹਾ ਦਾ ਅਨਮੋਲ ਸਿਪਾਹੀ
ਵੇਖੇ ਸਾਰੀ ਖ਼ੁਦਾਈ

ਲਥ ਪਹਾੜੋਂ ਥੱਲੇ ਆਇਆ
ਕਦਮ ਚਾ ਵਿਚ ਉਜਾੜ ਦੇ ਪਾਇਆ
ਨਾ ਪਾਣੀ, ਨਾ ਰੁਖ ਦਾ ਸਾਇਆ,

ਦੂਰ ਦੁਰਾਡੇ ਨਜ਼ਰੀਂ ਆਈਆਂ
ਕਾਲੀਆਂ ਕਾਲੀਆਂ ਟੱਪਰੀਆਂ
ਟਾਂਵੀਆਂ ਟਾਂਵੀਆਂ ਛੱਪਰੀਆਂ,
ਚਲਦਾ ਚਲਦਾ ਪਹੁੰਚ ਗਿਆ ਉਨ੍ਹਾਂ ਦੇ ਕੋਲ
ਇਕ ਟੱਪਰੀ ਤੋਂ ਕੰਨ ਵਿਚ ਪਏ ਮਾਂ ਦੇ ਮਿਠੜੇ ਬੋਲ
ਖ਼ੁਸ਼ੀ ਦੇ ਨਾਲ ਗਿਆ ਸੀ ਡੋਲ,

ਅੱਲ੍ਹਾ ਦਾ ਅਨਮੋਲ ਸਿਪਾਹੀ
ਵੇਖੇ ਸਾਰੀ ਖ਼ੁਦਾਈ

ਅੰਦਰ ਵੜਿਆ
ਮਾਂ ਦਾ ਜਾ ਕੇ ਹੱਥ ਜੋ ਫੜਿਆ
ਮਾਂ ਨੇ ਪਿਆਰ ਤੋਂ ਸੀਨੇ ਜੜਿਆ,
ਨਿੱਕੇ ਨਿੱਕੇ ਭੈਣ ਭਰਾ ਸਭ ਹੋ ਗਏ ਕਠੇ
ਅਹਮੋਂ ਲਾਹਮੋਂ ਹੋਰ ਵੀ ਆ ਗਏ ਨੱਠੇ ਨੱਠੇ
ਜ਼ੁਲਮ ਦੀ ਯਾਦਾਂ ਨਾਲ ਤਰਿੱਠੇ,
ਪੁਛਣ ਉੱਸ ਤੋਂ ਜੰਗ ਦਾ ਹਾਲ
ਆਪਣੇ ਆਪਣੇ ਸੰਗ ਦਾ ਹਾਲ
ਹੱਸਦਾ ਹੱਸਦਾ ਦਸਦਾ ਜਾਏ, ਸਭ ਨੂੰ ਲਹੂ ਤਰੰਗ ਦਾ ਹਾਲ,

ਅੱਲ੍ਹਾ ਦਾ ਅਨਮੋਲ ਸਿਪਾਹੀ
ਵੇਖੇ ਸਾਰੀ ਖ਼ੁਦਾਈ

ਸੁਬ੍ਹਾ ਹੋਈ ਤੇ ਵਾਪਸ ਜੰਗ ਤੇ ਜਾਣ ਨੂੰ ਹੋਏ ਤਿਆਰ

ਮਾਂ ਚਾਹੰਦੀ ਸੀ ਪੁੱਤਰ ਉੱਸਦਾ ਰਹਿ ਲੈਂਦਾ ਦਿਨ ਚਾਰ
ਭੈਣ ਭਰਾ ਵੀ ਕਰਨ ਪਿਆਰ,
ਉਹ ਆਖੇ ਅਜੇ ਜੰਗ ਹੈ ਜਾਰੀ
ਅੱਗ ਜ਼ੁਲਮ ਦੀ ਬੁਝੀ ਨਹੀਂ ਸਾਰੀ
ਕੁਫ਼ਰ ਦੀ ਫ਼ੌਜ ਅਜੇ ਨਹੀਂ ਹਾਰੀ,
ਦੀਨ ਦੀ ਖ਼ਾਤਰ ਲੜਦੇ ਰਾਂ ਗੇ
ਨਾਮ ਮੁਹੰਮਦ ਜਾਨ ਦਿਆਂ ਗੇ
ਆਖ਼ਰ ਕੁਫ਼ਰ ਨੂੰ ਬਾਹਰ ਕਰਾਂ ਗੇ,
ਉੱਠ ਖਲੋਤਾ ਨਾਅਰਾ ਲਾ ਕੇ
ਪੈ ਗਿਆ ਸਚੇ ਇਸ਼ਕ ਦੀ ਰਾਤੇ
ਅੱਲ੍ਹਾ ਦਾ ਅਨਮੋਲ ਸਿਪਾਹੀ
ਵੇਖੇ ਸਾਰੀ ਖ਼ੁਦਾਈ

ਜਹਾਦੇ ਅਫ਼ਗਾਨਿਸਤਾਨ ਤੋਂ ਪ੍ਰਭਾਵਿਤ ਹੋ ਕੇ।

## ਅੱਖ

ਕੰਧ ਦੇ ਓਲ੍ਹੇ ਨਜ਼ਰ ਨਾ ਆਏ
ਛਤ ਤੇ ਕੀਹ ਏ ਪਤਾ ਨਾ ਪਾਏ
ਸੱਜੇ, ਖੱਬੇ, ਲਕ ਦੇ ਪਿਛੇ
ਘੁਪ ਹਨੇਰੇ ਕੁਝ ਨਾ ਸੁਝੇ
ਥੋੜਾ ਜਿਹਾ ਜੋ ਨਜ਼ਰੀਂ ਆਂਦਾ
ਬੰਦਾ ਉਸ ਤੋਂ ਦੁਨੀਆ ਪਾਂਦਾ
        ਅੱਖ ਵੀ ਕੀਹ ਏ ਬੰਦੇ ਦੀ!

ਹਰ ਅੱਖ ਆਪਣਾ ਆਪ ਨਮੂਨਾ
ਨਜ਼ਰੀਂ ਆਵੇ ਵਾਂਗ ਨਗੀਨਾ
ਛੋਟੀ, ਮੋਟੀ, ਲੰਮ ਸਲੰਮੀ
ਕੂਰੀ, ਕਾਲੀ, ਨੀਲਮ ਨੀਲੀ
ਕੋਈ ਠੰਡੀ, ਕੋਈ ਮਿਠੀ ਅੱਖ
ਕੋਈ ਕੌੜੀ, ਕੋਈ ਤਿਖੀ ਅੱਖ
        ਅੱਖ ਵੀ ਕੀਹ ਏ ਬੰਦੇ ਦੀ!

ਅੱਖ ਤੋਂ ਅੱਖ ਦੀ ਦੁਨੀਆ ਸਜਦੀ
ਅੱਖ ਦੀ ਦੁਨੀਆ ਕਦੀਂ ਨਾ ਰਜਦੀ
ਅੱਖ ਤੋਂ ਰਾਂਝਾ ਮੱਝਾਂ ਚਾਰੇ
ਅੱਖ ਤੋਂ ਮਿਰਜ਼ਾ ਬਾਜ਼ੀ ਹਾਰੇ
ਅੱਖ ਤੋਂ ਸੱਸੀ ਥਲ ਵਿਚ ਭੁਜੀ
        ਅੱਖ ਵੀ ਕੀਹ ਏ ਬੰਦੇ ਦੀ!

ਅੱਖ ਦੀ ਬੋਲੀ ਸਭ ਨੂੰ ਠਗਦੀ
ਵਿਚ ਕਿਤਾਬਾਂ ਕਿਤੇ ਨਾ ਲਭਦੀ
ਅੱਖ ਦੀ ਬੋਲੀ ਅੱਖ ਪਛਾਣੇ
ਨਾ ਕੋਈ ਬੁੱਝੇ ਨਾ ਕੋਈ ਜਾਣੇ
ਅੱਖ ਤੋਂ ਰਸਤਾ ਦਿਲ ਨੂੰ ਜਾਂਦਾ
ਦਿਲ ਨੂੰ ਦਿਲ ਦੀ ਰਮਜ਼ ਪੁਚਾਂਦਾ
        ਅੱਖ ਵੀ ਕੀਹ ਏ ਬੰਦੇ ਦੀ!

ਅੱਖ ਨੂੰ ਲਭਦੀ ਫਿਰਦੀ ਅੱਖ
ਅੱਖ ਨੂੰ ਵੇਖ ਕੇ ਗਿਰਦੀ ਅੱਖ
ਯਾਰ ਦੀ ਅੱਖ ਤੋਂ ਸਜਦੀ ਅੱਖ
ਬਿਨ ਵੇਖੇ ਨਾ ਰਜਦੀ ਅੱਖ
ਤੂਰ ਤੇ ਸ਼ੋਰ ਮਚਾਵੇ ਅੱਖ
ਭਾਵੇਂ ਵੇਖ ਨਾ ਪਾਵੇ ਅੱਖ
ਅੱਖ ਵੀ ਕੀਹ ਏ ਬੰਦੇ ਦੀ!

## ਗ਼ਜ਼ਲ

ਕਿਉਂ ਠਿਮਰੇ ਠਿਮਰੇ ਫਿਰਦੇ ਓ
ਚਲ ਬੈਠ ਕੇ ਦੁਖੜੇ ਫੋਲ ਲਈਏ

ਚਲ ਛੱਡ ਪੁਰਾਣੇ ਰੱਫੜਾਂ ਨੂੰ
ਕੁਛ ਮਿਠੜੇ ਬੋਲ ਵੀ ਬੋਲ ਲਈਏ

ਇਹ ਦੁਨੀਆ ਕਿਸ ਦੀ ਬੰਦੀ ਏ
ਜੇ ਵੇਖੇਂ, ਸਭ ਪਰਛਾਵੇਂ ਨੇਂ

ਚਲ ਛੱਡ, ਵਲਾਂਵੇਂ ਦੁਨੀਆ ਦੇ
ਆ, ਦਿਲ ਦੀਆਂ ਗੰਢਾਂ ਖੋਲ ਲਈਏ

ਮੈਨੂੰ ਸਮਝ ਨਾ ਆਵੇ, ਕੱਲਿਆਂ ਨੂੰ
ਇਹ ਦੁਨੀਆ ਕਿਉਂ ਤੜਫ਼ਾਂਦੀ ਏ

ਚਲ ਛੱਡ, ਹੁਣ ਕੱਲੇ ਕੀਹ ਰਹਿਣਾ
ਅੱਜ ਇਸ਼ਕ ਦੀ ਦੁਨੀਆ ਫੋਲ ਲਈਏ

ਤੇਰੇ ਆਣ ਦੀ ਖ਼ੁਸ਼ਬੂ ਬਿਖਰੀ ਏ
ਫੁੱਲ ਖਿੜੇ, ਤੇ ਰੁਤ ਮਸਤਾਨੀ ਏ

ਚਲ ਛੱਡ, ਗ਼ਮਾਂ ਦੇ ਅਫ਼ਸਾਨੇ
ਖ਼ੁਸ਼ੀਆਂ ਦੇ ਮੋਤੀ ਰੋਲ ਲਈਏ

ਇਸ 'ਸ਼ਮਸ' ਦੀਆਂ ਗੱਲਾਂ ਕੀਹ ਕਰੀਏ
ਉਹ ਹਿਜਰ ਦੀ ਅੱਗ ਵਿਚ ਸੜਦਾ ਏ

ਚਲ ਛੱਡ, ਪੁਰਾਣੀ ਗੱਲਾਂ ਨੂੰ
ਘੁਲ ਮਿਲ ਕੇ ਜਿੰਦੜੀ ਘੋਲ ਲਈਏ

## ਨਜ਼ਮ

ਭਈ, ਅਸੀਂ ਨਹੀਂ ਜੇ ਬੋਲਣਾ
ਭਾਵੇਂ ਤੁਸੀਂ ਬੋਲਣਾ, ਤੇ ਭਾਵੇਂ ਤੁਸੀਂ ਰੋਲਣਾ
ਅਸੀਂ ਨਹੀਂ ਜੇ ਬੋਲਣਾ,

ਇਹ ਰੋਜ਼ ਰੋਜ਼ ਦੀ ਲੜਾਈ
ਸਾਨੂੰ ਜ਼ਰਾ ਵੀ ਨਾ ਭਾਈ
ਐਵੇਂ ਰੁਸ ਰੁਸ ਪੈਂਦੇ ਓ
ਵਿਚ ਦੀ ਨਾ ਕਹਿੰਦੇ ਓ
ਇਕੋ ਵਾਰੀ ਬੈਠ ਕੇ ਤੇ ਫ਼ੈਸਲਾ ਮੁਕਾ ਲਵੋ
ਕਿਸੇ ਪਾਸੇ ਲਾ ਲਵੋ
ਪਰ ਸਭ ਕੁਛ ਦਿਲ ਦਾ ਜੇ ਫੋਲਣਾ

ਨਹੀਂ ਤੇ, ਅਸੀਂ ਨਹੀਂ ਜੇ ਬੋਲਣਾ,

ਜਾਨ ਤੇ ਤੁਹਾਡੇ ਉੱਤੋਂ ਵਾਰ ਦਿੱਤੀ ਏ
ਜ਼ਿੰਦਗੀ ਤੁਹਾਡੇ ਹੱਥੋਂ ਹਾਰ ਦਿੱਤੀ ਏ
ਲਕ ਮੋੜਿਆ ਜਹਾਨ ਤੋਂ

ਐਸ਼ ਦੇ ਸਾਮਾਨ ਤੋਂ
ਸਾਰਿਆਂ ਨੂੰ ਛੱਡ ਕੇ ਮੈਂ ਤੇਰੇ ਨਾਲ ਲਾ ਲਈ
ਮੁਕਦੀ ਮੁਕਾ ਲਈ
ਤੁਸੀਂ ਫਿਰ ਵੀ ਜੇ ਰੋਜ਼ ਰੋਜ਼ ਡੋਲਣਾ

ਛੱਡੋ, ਅਸੀਂ ਨਹੀਂ ਜੇ ਬੋਲਣਾ,

ਤੁਸੀਂ ਮੇਰੇ ਨਾਲ ਚੰਗਾ ਭਲਾ ਬੋਲਦੇ ਸੌ
ਕੋਲ ਬਹਿੰਦੇ ਸੌ ਤੇ ਦਿਲਾਂ ਦੀਆਂ ਫੋਲਦੇ ਸੌ
ਮੇਰੀ ਸੁਣਦੇ ਤੇ ਆਪਣੀ ਵੀ ਕਹਿੰਦੇ ਸੌ
ਇੰਜ ਮੇਰੇ ਨਾਲ ਕਦੀ ਵੀ ਨਾ ਖਹਿੰਦੇ ਸੌ
ਤੁਹਾਨੂੰ ਨਵੀਂ ਏ ਸਤਾਣ ਲਈ ਗੱਲ ਲਭੀ
ਸਹਿ ਵੀ ਲੈਨੇ ਆਂ ਪਿਆਰ ਵਿਚ ਕਦੀ ਕਦੀ
ਪਰ ਇੰਜ ਗੱਲ ਗੱਲ ਉੱਤੇ ਰੋਲਣਾ

ਜਾਓ, ਅਸੀਂ ਨਹੀਂ ਜੇ ਬੋਲਣਾ,

ਨਿੱਕੀ ਨਿੱਕੀ ਗੱਲਾਂ ਉੱਤੇ ਬਹਿਸਾਂ ਕਾਹਨੂੰ ਕਰਦੇ ਓ
ਕੋਲੋਂ ਗੱਲਾਂ ਘੜਦੇ ਓ
ਪਿਆਰ ਨਾਲ ਵਾਜ ਮਾਰਾਂ ਚੁਪ ਚੁਪ ਰਹਿੰਦੇ ਓ

ਦਿਲ ਵਿਚ ਰਖਦੇ ਓ ਮੂੰਹੋਂ ਥੋੜਾ ਕਹਿੰਦੇ ਓ
ਪਹਿਰਾਂ ਪਹਿਰਾਂ ਬੈਠ ਕੇ ਤੇ ਗੱਲ ਮੇਰੀ ਸੁਣਨਾ
ਯਾਦਾਂ ਦਿਆਂ ਮੋਤੀਆਂ ਨੂੰ ਬਾਰ ਬਾਰ ਚੁਣਨਾ
ਹੱਟੋ..... ਅਸੀਂ ਨਹੀਂ ਜੇ ਬੋਲਣਾ,
ਭਾਵੇਂ ਤੁਸੀਂ ਬੋਲਣਾ ਤੇ ਭਾਵੇਂ ਤੁਸੀਂ ਰੋਲਣਾ
ਅਸੀਂ ਨਹੀਂ ਜੇ ਬੋਲਣਾ-

## ਮੰਨ ਨਹੀਂ ਸਕਦਾ

ਤੂੰ ਖ਼ੁਦ ਤੇ ਐਸ਼ ਆਰਾਮ ਕਰੇਂ
ਦੂਜੇ ਦੀ ਨੀਂਦ ਹਰਾਮ ਕਰੇਂ
ਫਿਰ ਸੁਖ ਦੀ ਨੀਂਦ ਵੀ ਪਾ ਜਾਵੇਂ, ਇਹ ਮੈਂ ਤੇ ਮੰਨ ਨਹੀਂ ਸਕਦਾ

ਤੇਰੇ ਆਹਮੇ ਲਾਹਮੇ ਦੁਖ ਨੱਚੇ
ਤੇਰੀ ਨਜ਼ਰ ਦੇ ਅੱਗੇ ਭੁਖ ਨੱਚੇ
ਤੂੰ ਆਪੇ ਸਭ ਕੁਝ ਖਾ ਜਾਵੇਂ
ਫਿਰ ਸੁਖ ਦੀ ਨੀਂਦ ਵੀ ਪਾ ਜਾਵੇਂ, ਇਹ ਮੈਂ ਤੇ ਮੰਨ ਨਹੀਂ ਸਕਦਾ

ਖ਼ੂਨ ਪਸੀਨੇ ਨਾਲ ਵਿਚਾਰੇ
ਕਣਕਾਂ ਕੱਠੀਆਂ ਕਰਨ ਮਜ਼ਾਰੇ
ਤੂੰ ਚੁਕ ਕੇ ਆਪਣੀ ਰਾਹ ਜਾਵੇਂ
ਫਿਰ ਸੁਖ ਦੀ ਨੀਂਦ ਵੀ ਪਾ ਜਾਵੇਂ, ਇਹ ਮੈਂ ਤੇ ਮੰਨ ਨਹੀਂ ਸਕਦਾ

ਤੂੰ ਜਾਣੇਂ ਫ਼ਾਕੇ ਸਹਿੰਦੇ ਨੇਂ
ਕਈ ਲੀਰਾਂ ਪਾ ਕੇ ਰਹਿੰਦੇ ਨੇਂ
ਤੂੰ ਰੋਜ਼ ਪੋਸ਼ਾਕਾਂ ਲਾਹ ਜਾਵੇਂ
ਫਿਰ ਸੁਖ ਦੀ ਨੀਂਦ ਵੀ ਪਾ ਜਾਵੇਂ, ਇਹ ਮੈਂ ਤੇ ਮੰਨ ਨਹੀਂ ਸਕਦਾ

ਕਈ ਜ਼ਾਤ ਤੇਰੀ ਤੋਂ ਸੰਗਦੇ ਨੇਂ
ਬਸ ਪਿਆਰ ਦੀ ਬੋਲੀ ਮੰਗਦੇ ਨੇਂ
ਤੂੰ ਉਸ ਤੋਂ ਵੀ ਤਰਸਾ ਜਾਵੇਂ
ਫਿਰ ਸੁਖ ਦੀ ਨੀਂਦ ਵੀ ਪਾ ਜਾਵੇਂ, ਇਹ ਮੈਂ ਤੇ ਮੰਨ ਨਹੀਂ ਸਕਦਾ

ਤੇਰਾ ਦੌਲਤ ਨਾਲ ਬਸੇਰਾ ਏ
ਤੇਰੇ ਅੰਦਰ ਬਾਹਿਰ ਹਨੇਰਾ ਏ
ਜੇ ਲੋਭ ਦੀ ਕੰਧ ਢਾ ਜਾਵੇਂ, ਫਿਰ ਸੁਖ ਦੀ ਨੀਂਦ ਵੀ ਪਾ ਜਾਵੇਂ

## ਡਾਕਾ (ਇਕ ਖ਼ਬਰ)

ਇਹ ਕੁਝ ਵਖਰਾ ਸ਼ੋਰ ਪਿਆ ਸੀ!
ਮੈਂ ਖਿੜਕੀ ਦੀ ਚਿਕ ਨੂੰ ਚੱਕਿਆ
ਥਲੇ ਵਿਚ ਬਾਜ਼ਾਰ ਦੇ ਤੱਕਿਆ
ਲੋਕੀ ਬਝਦੇ ਵਾਂਗ ਸੁਦਾਈਆਂ
ਚੀਕਾਂ ਮਾਰਨ, ਦੇਣ ਦੁਹਾਈਆਂ
ਬੱਚੇ ਰੋਂਦੇ ਥਲੇ ਡਿੱਗੇ
ਮਾਂਵਾਂ ਨੂੰ ਰਸਤਾ ਨਾ ਲਭੇ
ਬੁੱਢੇ ਡਿਗੇ ਮੂੰਹ ਦੇ ਭਾਰ
ਬੁਢੀਆਂ ਰੋਵਣ ਜ਼ਾਰੋ-ਜ਼ਾਰ
ਗੱਡੀਆ ਫਸੀਆਂ
ਸੜਕਾਂ ਰੁਕੀਆਂ
ਫੱਟੜ ਬੰਦੇ ਦੌੜੇ ਫਿਰਦੇ
ਕੋਈ ਉਨ੍ਹਾਂ ਦੀ ਗੱਲ ਨਾ ਪੁੱਛੇ
ਸਮਝ ਨਾ ਆਵੇ ਕੀਹ ਹੋਇਆ ਸੀ
ਇਹ ਕੁਝ ਵਖਰਾ ਸ਼ੋਰ ਪਿਆ ਸੀ!
ਐਨੇ ਵਿਚ ਕਿਸੇ ਬੂਹਾ ਭੰਨਿਆ
ਘੰਟੀ ਉੱਤੇ ਹੱਥ ਸੀ ਰਖਿਆ

ਬੂਹਾ ਖੋਲ੍ਹ ਕੇ ਵੇਖਾਂ ਬਾਹਿਰ
ਬੰਦਾ ਡਿੱਗਿਆ ਮੂੰਹ ਦੇ ਭਾਰ
ਪਾਟੇ ਕਪੜੇ, ਲਹੂ ਦਾ ਭਰਿਆ
ਚੁਕ ਕੇ ਉਹਨੂੰ ਅੰਦਰ ਖੜਿਆ
ਪਾਣੀ ਉਹਦੇ ਮੂੰਹ ਵਿਚ ਪਾਇਆ
ਤਲੀਆਂ ਝੱਸੀਆਂ, ਹੋਸ਼ ਦਲਾਇਆ
ਪੁੱਛਿਆ, ਕਿਹੀ ਗੁਜ਼ਰੀ ਸੀ ਬਾਹਿਰ
ਕਹਿੰਦਾ, ਜਾਨ ਬਚੀ ਓ ਯਾਰ
ਸੁਬ੍ਹਾ ਸਵੇਰੇ ਕੌਮ ਦੇ ਗਭਰੂ ਆ ਗਏ ਬੰਕ ਦੇ ਅੰਦਰ
ਮੂੰਹ ਤੇ ਮੜਾਸੇ, ਹੱਥ ਵਿਚ ਖ਼ੰਜਰ
ਇਕ ਨੇ ਕਲਾਸ਼ਨ-ਕੋਫ਼ ਚਲਾਈ
ਦੂਜੇ ਵੱਧ ਕੇ ਵਾਜ ਲਗਾਈ
ਕੱਢ ਦਿਓ ਸਾਰੀ ਦੌਲਤ ਬਾਹਿਰ
ਨਹੀਂ ਤੇ ਮਰਨ ਨੂੰ ਹੋਵੋ ਤਿਆਰ
ਡਰ ਨਾਲ ਹਰ ਕੋਈ ਕੰਬ ਰਿਹਾ ਸੀ
ਇਹ ਕੁਝ ਵਖਰਾ ਸ਼ੋਰ ਪਿਆ ਸੀ!
ਦੌਲਤ ਲੁਟ ਕੇ ਬਾਹਿਰ ਨੂੰ ਭੱਜੇ
ਗੋਲੀਆਂ ਵਾਹੰਦੇ ਸੱਜੇ ਖੱਬੇ
ਮੈਂ ਜੋ ਵੱਧਿਆ
ਇਕ ਨੂੰ ਫੜਿਆ

ਲਾਹਿਆ ਜਦੋਂ ਮੜਾਸਾ
ਮੈਨੂੰ ਆ ਗਿਆ ਹਾਸਾ
ਉਹ ਸੀ ਮੇਰੇ ਯਾਰ ਦਾ ਪੁੱਤਰ
ਚੰਗੇ ਭਲੇ ਘਰ ਬਾਹਿਰ ਦਾ ਪੁੱਤਰ
ਚੁਪ ਚੁਪੀਤਾ ਕਾਲਿਜ ਪੜ੍ਹਦਾ
ਹਰ ਕੋਈ ਉਸ ਦੀ ਇੱਜ਼ਤ ਕਰਦਾ
ਨਾਂ ਲੈ ਕੇ ਮੈਂ ਵਾਜ ਜੋ ਮਾਰੀ
ਉਸ ਨੇ ਗੋਲੀ ਪੈਰ ਤੇ ਮਾਰੀ
ਫਿਰ ਵੀ ਉਸਦਾ ਪਿਛਾ ਕਰਦਾ ਸੜਕ ਤੇ ਆਇਆ
ਉਸ ਨੇ ਧੋਣ ਪਕੜ ਕੇ ਮੇਰਾ ਸਿਰ ਬੂਹੇ ਵਿਚ ਲਾਇਆ
ਮੇਰਾ ਹੋਸ਼ ਗੁਆਇਆ-

# ਇਲਮ ਦਾ ਬਿਉਪਾਰ

ਪੋਤਾ ਮੇਰਾ ਸਕੂਲੇ ਜਾਂਦਾ
ਨਾਲੇ ਸਾਰੇ ਘਰ ਨੂੰ ਪੜ੍ਹਾਂਦਾ
 ਸੁਬ੍ਹਾ ਸਵੇਰੇ ਉਠ ਬਹਿੰਦਾ ਏ
 ਛੇਤੀ ਛੇਤੀ ਮੂੰਹ ਧੋਂਦਾ ਏ
 ਕਪੜੇ ਪਾਏ
 ਬੋਦੇ ਵਾਹੇ
 ਟੁਕਰ ਖਾ ਕੇ ਬਸਤਾ ਆਪਣਾ ਕਰੇ ਤਿਆਰ

ਇਲਮ ਦੀ ਖ਼ਾਤਰ ਮੋਢੇ ਪਾਂਦਾ
ਪੋਤਾ ਮੇਰਾ ਸਕੂਲੇ ਜਾਂਦਾ
 ਥੱਕਿਆ ਟੁੱਟਿਆ ਵਾਪਸ ਆਏ
 ਆਪਣੀ ਕਥਾ ਸੁਣਾਏ
 ਔਖਾ ਸੌਖਾ ਟੁਕਰ ਖਾ ਕੇ, ਮੋਢੇ ਵੀ ਦਬਵਾਏ
 ਨੀਂਦੋਂ ਡਿਗ ਡਿਗ ਜਾਏ
 ਅੱਖਾਂ ਮਲਦੇ
 ਕਪੜੇ ਬਦਲੇ

ਇਲਮ ਦੀ ਖ਼ਾਤਰ ਸੁਖ ਨਹੀਂ ਪਾਂਦਾ
ਪੋਤਾ ਮੇਰਾ ਸਕੂਲੇ ਜਾਂਦਾ

ਘਰ ਦੇ ਕੰਮ ਦੀਆਂ ਲਿਸਟਾਂ ਕਢ ਕੇ ਬਹਿ ਜਾਵੇ
ਖੋਲ ਕੇ ਬਸਤਾ ਢੇਰ ਕਿਤਾਬਾਂ ਦਾ ਲਾਵੇ
ਇੰਗਲਿਸ਼ ਉਰਦੂ ਮਾਂ ਦਾ ਹਿੱਸਾ
ਸਾਇੰਸ ਰਿਆਜ਼ੀ ਪਿਓ ਦਾ ਖਾਤਾ
ਜੋ ਬੱਚਿਆ ਦਾਦੇ ਦੀ ਕਿਸਮਤ
ਭਾਵੇਂ ਦਾਦੀ ਕਰੇ ਸ਼ਰਾਕਤ

ਸਾਰੇ ਘਰ ਨੂੰ ਪਿਆ ਪੜ੍ਹਾਂਦਾ
ਪੋਤਾ ਮੇਰਾ ਸਕੂਲੇ ਜਾਂਦਾ

ਖੇਡ ਖੁਡ ਕੇ ਘਰ ਨੂੰ ਆਂਦਾ
ਅਗਲੇ ਦਿਨ ਦਾ ਕੰਮ ਸੁਣਾਂਦਾ
ਸਭ ਨੂੰ ਫ਼ਿਰ ਕੰਮ ਡਾਹ ਲੈਂਦਾ ਏ
ਵਸ ਕਿਤਾਬਾਂ ਪਾ ਦੇਂਦਾ ਏ
ਕਹਿੰਦਾ, ਕੰਮ ਹੈ ਬੱਚੇ ਪੜ੍ਹਾਣਾ ਵੱਡਿਆਂ ਦਾ
ਨੰਬਰ ਲਗਾਣਾ ਕੰਮ ਹੈ ਸਾਡੇ ਟੀਚਰਾਂ ਦਾ

ਮੁੜ ਮੁੜ ਸਭ ਨੂੰ ਹੈ ਸਮਝਾਂਦਾ
ਪੋਤਾ ਮੇਰਾ ਸਕੂਲੇ ਜਾਂਦਾ

ਰੋਜ਼ ਕਾਪੀਆਂ, ਰਬੜ ਪਿਨਸਲਾਂ
ਨਾ ਖ਼ੁਸ਼ਖ਼ਤੀ, ਨਾ ਇਮਲਾਵਾਂ
ਗੱਲ ਨੂੰ ਤੇ ਸਮਝਾਂਦੇ ਨਹੀਂ ਪਰ ਘੋਟਾ ਖ਼ੂਬ ਲਵਾਂਦੇ ਨੇਂ
ਸੋਚਾਂ ਬੰਨ੍ਹ ਕੇ, ਅਕਲਾਂ ਭੰਨ ਕੇ, ਤੋਤੇ ਪਏ ਬਣਾਂਦੇ ਨੇਂ
ਇਲਮ ਦੀ ਦੌਲਤ ਘੱਟ ਦੇਂਦੇ ਪਰ ਦੌਲਤ ਖ਼ੂਬ ਕਮਾਵਣ
ਇਲਮ ਨੂੰ ਬਣਾਵਣ

ਨਫ਼ੇ ਦੀ ਰਕਮਾਂ ਇਹ ਵੀ ਬੜ੍ਹਾਂਦਾ
ਪੋਤਾ ਮੇਰਾ ਸਕੂਲੇ ਜਾਂਦਾ

ਜੇ ਇਲਮ ਵੀ ਬਣ ਜਾਏ ਨਫ਼ੇ ਦਾ ਸੌਦਾ
ਸੁਕ ਜਾਂਦਾ ਏ ਕੌਮ ਦਾ ਪੌਦਾ
ਕਿਥੋਂ ਸਿਆਣੇ ਆਉਣ ਗੇ
ਜੋ ਇਸ ਵਤਨ ਦੇ ਮੁਸਤਕਬਿਲ ਨੂੰ ਬਣਾਵਣ ਗੇ
ਇਹ ਹਿਰਸੀ ਤੇ ਵਤਨ ਨੂੰ ਵੀ ਪੀਹ ਜਾਵਣ ਗੇ
ਜੇ ਸੋਚਾਂ ਵਾਲੇ ਦੜ ਵੱਟ ਕੇ ਰਹਿ ਜਾਵਣ ਗੇ

ਇਹ ਡਰ ਮੈਨੂੰ ਬਹੁਤ ਸਤਾਂਦਾ
ਪੋਤਾ ਮੇਰਾ ਸਕੂਲੇ ਜਾਂਦਾ

ਲਹੂ ਦੇ ਕੇ ਵਤਨ ਬਣਾਇਆ ਸੀ
ਇਹਨੂੰ ਆਸਾਂ ਨਾਲ ਸਜਾਇਆ ਸੀ
ਇੱਥੇ ਹੱਕ ਦੀ ਸ਼ਮਾ ਜਲਾਵਾਂ ਗੇ
ਇਹਨੂੰ ਇਲਮ ਦਾ ਤਾਜ ਬਣਾਵਾਂ ਗੇ
ਇਹਨੂੰ ਆਪਣੇ ਲੁਟਦੇ ਰਹਿੰਦੇ ਨੇਂ
ਨਾਲੇ ਬੁਰਾ ਵੀ ਇਹਨੂੰ ਕਹਿੰਦੇ ਨੇਂ

"ਕੀਹ ਬਣੇ ਗਾ", ਦਿਲ ਘਬਰਾਂਦਾ
ਪੋਤਾ ਮੇਰਾ ਸਕੂਲੇ ਜਾਂਦਾ

# ਟਰੈਫ਼ਿਕ ਦਾ ਹਾਦਸਾ (ਇਕ ਖ਼ਬਰ)

ਉਹ ਮੁੰਡਾ ਰੋਜ਼ ਈ ਲੰਘਦਾ ਸੀ
ਸਾਡੀ ਗਲੀ ਦੇ ਮੋੜ ਤੋਂ
ਮੈਂ ਬੁਝ ਜਾਂਦਾ, ਉਹ ਆਂਦਾ ਏ
ਸਭ ਨਾਲੋਂ ਵਖਰੀ ਤੋਰ ਤੋਂ
ਬਸਤਾ ਮੋਢੇ ਤੇ ਲਟਕਾ ਕੇ
ਸਿਰ ਤੇ ਕਾਲੀ ਟੋਪੀ ਪਾ ਕੇ
ਲੰਘ ਜਾਂਦਾ ਉਹ ਹੱਸਦਾ ਹੱਸਦਾ
ਮੈਂ ਰਹਿ ਜਾਂਦਾ ਤੱਕਦਾ ਤੱਕਦਾ
ਮੈਂ ਵੇਖ ਕੇ ਉਹਨੂੰ ਸੋਚਦਾ ਸਾਂ
ਇਹ ਦੁਨੀਆ ਵਿਚ ਪਿਆ ਵੜਦਾ ਏ
ਲੈ ਕੇ ਕਈ ਕਈ ਖ਼ੁਆਹਿਸ਼ਾਂ
ਵੇਖਣ ਨੂੰ ਹੁਸ਼ਿਆਰ ਲਗੇ
ਤੇ ਅਕਲ ਦੀ ਡਲ੍ਹਕਾਂ ਦੇਵੇ
ਦਿਲ ਕਹਿੰਦਾ ਸੀ ਵੱਡਾ ਹੋ ਕੇ
ਇਲਮ ਦੀ ਝਲਕਾਂ ਦੇਵੇ
ਘਰ ਵਾਲਿਆਂ ਦਾ ਮਾਣ ਬਣੇ ਗਾ
ਆਪਣੇ ਵਤਨ ਦੀ ਸ਼ਾਨ ਬਣੇ ਗਾ

ਮੈਂ ਤੇ ਦੁਆ ਦੇ ਦੇਂਦਾ ਸਾਂ

ਜਦੋਂ ਕਦੀ ਉਹਨੂੰ ਦੇਂਦਾ ਸਾਂ

ਕਈ ਦਿਨ ਗੁਜ਼ਰੇ, ਉਹ ਨਾ ਲੰਘਿਆ

ਗਲੀ ਦੇ ਮੋੜ ਤੇ ਨਜ਼ਰ ਨਾ ਆਇਆ

ਨਾ ਪੈਰਾਂ ਦੀ ਵਾਜ ਸੁਣਾਈ

ਨਾ ਟੋਪੀ ਦੀ ਝਲਕ ਵਖਾਈ

ਮੇਰੇ ਦਿਲ ਨੂੰ ਖੋਹਾਂ ਪਈਆਂ

ਇਹ ਕਿਹੀ ਬਣੀਆਂ

ਕਿਤੇ ਉਸ ਨੇ ਪੜ੍ਹਨਾ ਤੇ ਨਹੀਂ ਛੱਡ ਦਿੱਤਾ?

ਕਿਤੇ ਬਿਮਾਰੀ ਤੇ ਨਹੀਂ ਫੜ ਲਿਤਾ?

ਮੈਨੂੰ ਪਤਾ ਨਹੀਂ ਸੀ ਉਸਦੇ ਘਰ ਦਾ

ਉਸ ਦੇ ਨਾਂ ਦਾ

ਫਿਰ ਵੀ ਉਹਨੂੰ ਲਭਦਾ ਲਭਦਾ

ਲੋਕਾਂ ਕੋਲੋਂ ਪੁਛਦਾ ਪੁਛਦਾ

ਉਸਦੇ ਬੂਹੇ ਜਾ ਖਲੋਤਾ

ਘਰ ਵਾਲਿਆਂ ਤੋਂ ਪੁੱਛਿਆ ਜਦੋਂ ਉਸ ਮੰਡੇ ਦਾ ਹਾਲ

ਮੈਂ ਤੇ ਹੋ ਗਿਆ ਬੇ-ਹਾਲ,

ਇਕ ਦਿਨ ਘਰ ਤੋਂ ਬਾਹਿਰ ਖੜਾ ਸੀ

ਚੀਜ਼ ਪਿਆ ਕੋਈ ਖਾਂਦਾ ਸੀ,

ਐਨੇ ਵਿਚ ਇਕ ਵੈਗਨ ਆਈ

ਜ਼ੋਰ ਦੀ ਮਾਰੀ ਟੱਕਰ
ਤੇ ਮਾਅਸੂਮ ਜਿਹੀ ਇਕ ਜਾਨ ਗੁਆਈ,
ਘਰ ਵਾਲਿਆਂ ਦੀ ਸੁਕ ਗਈ ਡਾਲੀ
ਰਹਿ ਗਿਆ ਮੁਲਕ ਇਕ ਮਾਣ ਤੋਂ ਖ਼ਾਲੀ,
ਉਹ ਸੋਹਣਾ, ਇਕ ਖਿੜਦਾ ਫੁੱਲ
ਕਿਉਂ ਕਰ ਜਾਵਾਂ ਉਸ ਨੂੰ ਭੁੱਲ

## ਘੜੀ

ਟਿਕ..... ਟਿਕ..... ਟਿਕ..... ਟਿਕ.....

ਇਹ ਕੈਸੀ ਵਾਜ ਪਈ ਆਂਦੀ ਏ
ਜੋ ਮੇਰੀ ਨੀਂਦ ਗਵਾਂਦੀ ਏ

ਟਿਕ..... ਟਿਕ..... ਟਿਕ..... ਟਿਕ.....

ਇਹ ਘੜੀ ਏ ਤੇਰੇ ਕਮਰੇ ਦੀ
ਜੋ ਤੈਨੂੰ ਵਕਤ ਬਤਾਂਦੀ ਏ
ਇਹਦੀ ਟਿਕ ਟਿਕ ਤੈਨੂੰ ਦਸਦੀ ਏ
ਤੇਰੀ ਦੁਨੀਆ ਲੰਘਦੀ ਜਾਂਦੀ ਏ

ਟਿਕ..... ਟਿਕ..... ਟਿਕ..... ਟਿਕ.....

ਇਹਨੂੰ ਆਖੋ ਚਲੇ ਚੁਪ ਕਰਕੇ
ਕਿਉਂ ਮੈਨੂੰ ਯਾਦ ਕਰਾਂਦੀ ਏ
ਮੈਂ ਇਹਨੂੰ ਕੁਝ ਵੀ ਨਹੀਂ ਕਹਿੰਦਾ
ਇਹ ਕਿਉਂ ਪਈ ਮੈਨੂੰ ਸਤਾਂਦੀ ਏ

ਟਿਕ..... ਟਿਕ..... ਟਿਕ..... ਟਿਕ.....

ਮੈਂ ਚਾਹਵਾਂ ਵਕਤ ਖਲੋ ਜਾਵੇ
ਮੈਨੂੰ ਟਿਕ ਟਿਕ ਜ਼ਰਾ ਨਾ ਭਾਂਦੀ ਏ
ਇਸ ਘੜੀ ਨੂੰ ਸੁਟ ਕੇ ਭੰਨ ਛੱਡੋ
ਕਿਉਂ ਵਕਤ ਨੂੰ ਪਈ ਲੰਘਾਂਦੀ ਏ

ਟਿਕ..... ਟਿਕ..... ਟਿਕ..... ਟਿਕ.....

ਕੋਈ ਆਖੇ ਇਸ "ਨਿਕੰਮੀ" ਨੂੰ
ਕਿਉਂ ਇਤਨਾ ਸ਼ੋਰ ਮਚਾਂਦੀ ਏ
ਕੁਝ ਜ਼ਰਾ ਤੇ ਹੌਲੀ ਹੋ ਜਾਵੇ
ਮੈਨੂੰ ਨੀਂਦ ਪਈ ਹੁਣ ਆਂਦੀ ਏ

## ਗ਼ਜ਼ਲ

ਕੀਹ ਨਿੱਕੀ ਨਿੱਕੀ ਗੱਲਾਂ ਤੇ ਲੜਾਈ ਪਾਂਦੇ ਓ
ਸਿੱਧੀ ਸਿੱਧੀ ਗੱਲ ਕਰੋ, ਕੀਹ ਮੈਥੋਂ ਚਾਹਿੰਦੇ ਓ

ਪਹਿਲੇ ਤੇ ਲੜਾਈਆਂ ਸਨ ਪਿਆਰ ਨੂੰ ਵਧਾਣ ਲਈ
ਹੁਣ ਕਾਹਨੂੰ ਪਿਆਰ ਦੇ ਪੁਜਾਰੀ ਨੂੰ ਡਰਾਂਦੇ ਓ

ਕਾਲੇ ਕਾਲੇ ਗੇਸੂਆਂ ’ਚ ਚੰਦ ਜਿਹਾ ਮੁਖੜਾ
ਤਾਰਿਆਂ ਦੀ ਲੋਂ ਵਿਚ ਬੈਠ ਕੇ ਛੁਪਾਂਦੇ ਓ

ਜਿੰਦੜੀ ਤੇ ਸੂਤਰੇ ਦੀ ਤੰਦ ਜਿਹੀ ਕੱਚੀ ਏ
ਸਧਰਾਂ ਦੇ ਸਹਿਮੇ ਸਹਿਮੇ ਵੇਲੇ ਪਏ ਗੁਆਂਦੇ ਓ

ਛੁਪ ਛੁਪ ਤਕਦੇ ਓ, ਤਕ ਤਕ ਛੁਪਦੇ ਓ
ਅੱਖੀਆਂ ਮਿਲਾਂਦੇ ਓ ਤੇ ਅੱਖੀਆਂ ਛੁਪਾਂਦਾ ਓ

ਵਿਚੋਂ ਜੀ ਤੇ ਜਾਨ ਨੂੰ ਤੁਹਾਡਾ ਵੀ ਨਹੀਂ ਕਰਦਾ
ਝੂਠੀ ਮੂਠੀ ਜਾਣ ਦੀਆਂ ਗੱਲਾਂ ਪਏ ਬਣਾਂਦੇ ਓ

ਅੱਗੇ ਉਹਨੂੰ ਇਸ਼ਕ ਦਿਆਂ ਭਾਂਬੜਾਂ ਨੇ ਸਾੜਿਆ
ਸੜੇ ਬਲੇ 'ਸ਼ਮਸ' ਨੂੰ ਕੀਹ ਹੋਰ ਪਏ ਸੜਾਂਦੇ ਓ

## ਬਾਹਰ ਵੀ ਨਜ਼ਰ ਦੌੜਾਇਆ ਕਰ

ਤੂੰ ਆਪਣੇ ਆਪ 'ਚ ਰਹਿਨਾ ਏਂ, ਕਦੀਂ ਬਾਹਰ ਵੀ ਨਜ਼ਰ ਦੌੜਾਇਆ ਕਰ
ਇਸ ਦੁਨੀਆ ਵਿਚ ਕੀਹ ਹੁੰਦਾ ਏ, ਕਦੀ ਉੱਸ ਦੀ ਖ਼ਬਰ ਵੀ ਪਾਇਆ ਕਰ
ਕਿਤੇ ਬੰਦਾ ਦੌਲਤ ਦੀ ਖ਼ਾਤਰ
ਬੰਦੇ ਤੇ ਜ਼ੁਲਮ ਕਮਾਂਦਾ ਏ
ਕਿਤੇ ਜ਼ੁਲਮ ਦੇ ਚਸਕੇ ਦੀ ਖ਼ਾਤਰ
ਦੂਜੇ ਦੀ ਜਾਨ ਗੁਆਂਦਾ ਏ

ਤੂੰ ਜ਼ੁਲਮ ਤੋਂ ਆਪ ਤੇ ਬਚਨਾ ਏਂ, ਕਦੀ ਦੂਜੇ ਨੂੰ ਵੀ ਬਚਾਇਆ ਕਰ
ਤੂੰ ਆਪਣੇ ਆਪ 'ਚ ਰਹਿਨਾ ਏਂ, ਕਦੀਂ ਬਾਹਰ ਵੀ ਨਜ਼ਰ ਦੌੜਾਇਆ ਕਰ
ਕਿਤੇ ਝਗੜੇ ਪਏ ਜ਼ਮੀਨਾਂ ਦੇ
ਗਜ਼, ਗਜ਼ ਤੇ ਲਹੂ ਬਹਾਂਦਾ ਏ
ਕਿਤੇ ਪਾਣੀ ਦੀ ਤਕਸੀਮ ਲਈ
ਜਾਨਾਂ ਦੀ ਬਾਜ਼ੀ ਲਾਂਦਾ ਏ

ਇਹ ਸਭ ਕੁਝ ਪਿਛੇ ਰਹਿ ਜਾਣਾ, ਇਸ ਮੂਰਖ ਨੂੰ ਸਮਝਾਇਆ ਕਰ
ਤੂੰ ਆਪਣੇ ਆਪ 'ਚ ਰਹਿਨਾ ਏਂ, ਕਦੀਂ ਬਾਹਰ ਵੀ ਨਜ਼ਰ ਦੌੜਾਇਆ ਕਰ
ਕਿਤੇ ਝੱਲੇ ਨਖ਼ਰੇ ਔਰਤ ਦੇ
ਕਿਤੇ ਔਰਤ ਨੂੰ ਬਰਬਾਦ ਕਰੇ
ਕਿਤੇ ਵੇਚੇ ਗ਼ੈਰ ਮਾਅਸੂਮਾਂ ਨੂੰ
ਕਿਤੇ ਗ਼ੈਰਾਂ ਨੂੰ ਆਬਾਦ ਕਰੇ

ਕਿਉਂ ਵਖ, ਵਖ ਸੋਚਾਂ ਕਰਦਾ ਏ, ਇਹਨੂੰ ਸਿਧੇ ਰਾਹ ਤੇ ਲਾਇਆ ਕਰ
ਤੂੰ ਆਪਣੇ ਆਪ 'ਚ ਰਹਿਨਾ ਏਂ, ਕਦੀਂ ਬਾਹਰ ਵੀ ਨਜ਼ਰ ਦੌੜਾਇਆ ਕਰ
ਕੋਈ ਝੂਠ ਦੀ ਖ਼ਾਤਰ ਸਚ ਬੋਲੇ
ਕੋਈ ਸਚ ਨੂੰ ਝੂਠ ਬਣਾਂਦਾ ਏ
ਕੋਈ ਅਕਲ ਤੋਂ ਪੈਦਲ ਫਿਰਦਾ ਏ
ਪਰ ਅਕਲ ਦੇ ਨਾਅਰੇ ਲਾਂਦਾ ਏ

ਇਨ੍ਹਾਂ ਅਕਲ ਦੇ ਵੈਰੀ ਲੋਕਾਂ ਨੂੰ, ਕਦੀਂ ਹੱਕ ਦੀ ਗੱਲ ਸਮਝਾਇਆ ਕਰ
ਤੂੰ ਆਪਣੇ ਆਪ 'ਚ ਰਹਿਨਾ ਏਂ, ਕਦੀਂ ਬਾਹਰ ਵੀ ਨਜ਼ਰ ਦੌੜਾਇਆ ਕਰ
ਕਈ ਟੁਕਰੋਂ ਭੁੱਖੇ ਸੌਂਦੇ ਨੇਂ
ਕਈ ਵੰਨ ਸਵੰਨੇ ਖਾਂਦੇ ਨੇਂ
ਕਈ ਰੇਸ਼ਮ, ਅਤਲਸ ਗੱਲ ਪਾਉਣ
ਕਈ ਪਾਟੇ ਪੁਰਾਣੇ ਪਾਂਦੇ ਨੇਂ

ਤੂੰ ਆਪ ਤੇ ਮੌਜਾਂ ਕਰਦਾ ਏਂ, ਦੂਜੇ ਦੀ ਖ਼ਬਰ ਵੀ ਪਾਇਆ ਕਰ
ਤੂੰ ਆਪਣੇ ਆਪ 'ਚ ਰਹਿਨਾ ਏਂ, ਕਦੀਂ ਬਾਹਰ ਵੀ ਨਜ਼ਰ ਦੌੜਾਇਆ ਕਰ

## ਸ਼ੀਸ਼ਾ

ਜਦ ਸ਼ੀਸ਼ੇ ਅੱਗੇ ਖਲੋਨਾ ਏਂ
ਜਦ ਮੁਖੜੇ ਨੂੰ ਚਮਕੌਨਾ ਏਂ
ਜਦ ਵਾਲ ਨਖੇੜੇ ਪੌਨਾ ਏਂ
ਜਦ ਸੋਹਣਾ ਬਣ ਕੇ ਗੌਨਾ ਏਂ
        ਕਦੀਂ ਮੁਖੜੇ ਵੜ ਕੇ ਤੱਕਿਆ ਈ?
        ਕਦੀਂ ਆਪ ਤੋਂ ਪਰਦਾ ਚੁੱਕਿਆ ਈ?
ਤੇਰੀ ਨਜ਼ਰਾਂ ਵਿਚ ਕਮਜ਼ੋਰੀ ਏ
ਤੈਨੂੰ ਸ਼ੀਸ਼ਾ ਲਗਦਾ ਕੋਰੀ ਏ
ਤੇਰਾ ਆਪਣਾ ਚਿਹਰਾ ਵਖਰਾ ਏ
ਤੈਨੂੰ ਸ਼ੀਸ਼ਾ ਦਸਦਾ ਹੋਰੀ ਦਾ
        ਦਿਲ ਸ਼ੀਸ਼ਾ ਵੇਖ ਕੇ ਝੱਕਿਆ ਈ?
        ਕਦੀਂ ਆਪ ਤੋਂ ਪਰਦਾ ਚੁੱਕਿਆ ਈ?
ਤੇਰੇ ਮੁਖੜੇ ਲੀਕਾਂ ਉਮਰ ਦੀਆਂ
ਜੋ ਬੀਤ ਗਈ, ਇਹ ਕਹਿਣ ਪਈਆਂ
ਤੂੰ ਖੱਟਿਆ ਕੀਹ ਇਸ ਦੁਨੀਆ ਤੋਂ
ਤੇਰੇ ਦਿਲ ਦੀਆਂ ਮੰਗਾਂ ਕੀਹ ਰਹੀਆਂ

ਕਦੀਂ ਆਪਣੇ ਮੁਖ ਤੋਂ ਪੁੱਛਿਆ ਈ?
ਕਦੀਂ ਆਪ ਤੋਂ ਪਰਦਾ ਚੁੱਕਿਆ ਈ?
ਕਈ ਪੁੱਠੀਆਂ, ਸਿਧੀਆਂ ਪੈ ਗਈਆਂ
ਕਈ ਦਿਲ ਦੀਆਂ, ਦਿਲ ਵਿਚ ਰਹਿ ਗਈਆਂ
ਤੂੰ ਬੰਦਾ ਸੈਂ ਕਮਜ਼ੋਰ ਜਿਹਾ
ਤੇਰੀ ਹੱਡੀਆਂ ਸਭ ਕੁਝ ਸਹਿ ਗਈਆਂ
ਕਦੀਂ ਸ਼ੀਸ਼ੇ ਨੂੰ ਵੀ ਦੱਸਿਆ ਈ?
ਕਦੀਂ ਆਪ ਤੋਂ ਪਰਦਾ ਚੁੱਕਿਆ ਈ?

## ਸਫ਼ਰੀ ਡਾਕਟਰ (ਅੱਧਾ ਸ਼ਾਇਰ)

(ਫ਼ੈਸਲ ਆਬਾਦ ਤੋਂ ਸਮੁੰਦਰੀ ਬਸ ਸਫ਼ਰ ਦੇ ਦੌਰਾਨ ਮੁਸ਼ਾਹਿਦਾ)

ਮੇਰੇ ਭੈਣੋਂ ਤੇ ਭਰਾਓ
ਜ਼ਰਾ ਧਿਆਨ ਮੇਰਾ ਵੱਲ ਲਾਓ
ਤੁਹਾਨੂੰ ਐਸੀ ਚੀਜ਼ ਦਿਆਂ ਗਾ
ਜੋ ਕਿਤੇ ਤੁਸੀਂ ਨਾ ਪਾਓ
(ਓ ਕੁੜੀਏ, ਚੁਪ ਕਰਕੇ ਬਹਿ)
ਮਾਂ ਜੀ, ਮੈਂ ਅਰਜ਼ ਕਰ ਰਿਹਾ ਸਾਂ

(ਭਾਈ ਜੀ, ਤੁਹਾਡੀ ਬੀਵੀ ਤੁਹਾਡੇ ਨਾਲ ਈ ਜਾਏਗੀ, ਜ਼ਰਾ ਮੈਰੀ ਵੀ ਸੁਣ ਲੌ)

ਜੀ, ਮੈਂ ਅਰਜ਼ ਪਿਆ ਇਕ ਕਰਦਾ ਸਾਂ
ਇਕ ਤੁਹਫ਼ਾ ਲੈਕੇ ਆਇਆ ਵਾਂ
ਤੁਹਾਡੇ ਬਜ਼ੁਰਗ, ਤੁਹਾਡੇ ਬੁੱਢੇ
ਦਮੇ ਨੇ ਲਾ ਦਿੱਤੇ ਖੁੱਡੇ
ਜਿਸ ਤੋਂ ਸਭ ਘਰ ਵਾਲੇ ਤੰਗ
ਵਖਾਵੇ ਰੋਜ਼ ਨਿਆ ਇਕ ਰੰਗ
ਖ਼ਿਦਮਤ ਕਰਦੀ ਨੌਂਹ ਨਾ ਥੱਕੇ
ਤੰਗ ਆਏ ਤੋਂ ਮੂੰਹੋਂ ਕੱਢੇ

(ਖ਼ੁਦਾ ਦਾ ਵਾਸਤਾ ਜੇ ਬਜ਼ੁਰਗੋ, ਮੇਰੀ ਵੀ ਸੁਣੋ, ਮੈਂ ਤੁਹਾਡੀ ਖ਼ਿਦਮਤ ਲਈ ਈ ਆਇਆ ਆਂ)

ਹਾਂ ਜੀ, ਨੌਂਹ ਤੰਗ ਆਏ ਤੇ ਮੂੰਹੋਂ ਕੱਢੇ
ਨਾ ਇਹ ਬੁੱਢਾ ਮਰਦਾ ਏ
ਨਾ ਮੰਜੀ ਵੇਲ੍ਹੀ ਕਰਦਾ ਏ
ਭਰਾਓ, ਤੁਸੀਂ ਖ਼ੁਦ ਦੱਸੋ
ਕਿਆ ਤੁਸੀਂ ਦਿਲੋਂ ਇਹ ਚਾਹੰਦੇ ਓ
ਭਈ, ਮਾਪੇ ਘਰ ਦੀ ਰਹਿਮਤ ਹੋਵਣ
ਭਾਵੇਂ ਨੌਂਹ ਲਈ ਸ਼ਾਮਤ ਹੋਵਣ
ਇਹ ਪੁੜੀ ਇਕ ਲੈਂਦੇ ਜਾਓ
ਸ਼ਾਮ ਹੋਣ ਤੋਂ ਪਹਿਲੋਂ ਖਿਲਾਓ
ਬੁਢੜਾ ਸੌਂਵੇ ਨਾਲ ਚੈਨ ਦੇ
ਤੁਸੀਂ ਵੀ ਮਜ਼ੇ ਉੜਾਓ
ਹਾਂ ਜੀ, ਕੋਈ ਹੈ ਤਲਬਗਾਰ?
ਕੋਈ ਹੈ ਸਮਝਦਾਰ?

(ਕੀਮਤ ਸਿਰਫ਼ ਦਸ ਰੁਪਏ, ਦਸ ਰੁਪਏ, ਦਸ ਰੁਪਏ)

ਇਕ ਆਦਮੀ... ਇਕ ਪੁੜੀ ਚਾਚੇ ਲਈ ਨਾ ਲੈ ਲਈਏ?

ਔਰਤ... ਐਵੇਂ ਪੈਸੇ ਠਗਦਾ, ਨਾਲੇ ਤੇਰੇ ਚਾਚੇ ਦਾ ਦੱਮਾ ਬੜਾ ਪੁਰਾਣਾ ਏ।

ਆਦਮੀ... ਮੈਂ ਸੋਚਨਾ ਆਂ, ਇਕ ਪੁੜੀ ਨੇ ਸਾਡਾ ਕੀਹ ਗੁਆਣਾ ਏ।

ਔਰਤ... ਨਹੀਂ ਰਹਿ ਸਕਦਾ ਤੇ ਲੈ ਲੈ।

ਆਦਮੀ... ਇਕ ਪੁੜੀ ਮੈਨੂੰ ਵੀ ਦੇਣਾ, ਭਾਈ।

ਔਰਤ... ਭਰਾਵਾ, ਜੇ ਆਰਾਮ ਨਾ ਆਏ ਤੇ ਫਿਰ ਕੀਹ ਕਰਨਾ?

ਸ਼ਫ਼ਰੀ ਡਾਕਟਰ... ਭੈਣੇ, ਮੈਨੂੰ ਫਿਰ ਕਦੀਂ ਬਸ ਵਿਚ ਮਿਲਣਾ।

ਅੱਛਾ ਜੀ, ਸਟਾਪ ਆ ਗਿਆ ਏ। ਫਿਰ ਮਿਲਾਂ ਗੇ।

## ਹਮਾਲੀਆ ਦੀ ਇਕ ਵਾਦੀ

ਇਹ ਵਾਦੀ ਕਿਤਨੀ ਸੋਹਣੀ ਏ
ਮੰਨ ਮੋਹਣੀ ਏ
ਇਹਦੇ ਦੋਵੇਂ ਤਰਫ਼ੀਂ ਖੜੇ ਨੇਂ ਉੱਚੇ ਪਹਾੜ
ਸਿਰਾਂ ਤੇ ਚੁਕ ਕੇ ਬਰਫ਼ਾਂ ਦਾ ਅੰਬਾਰ
ਵਿਚ ਕਤਾਰਾਂ ਰੁਖ ਖਲੋਤੇ
ਇਕ ਦੂਜੇ ਦੇ ਨਾਲ ਪਰੋਤੇ
ਜਿਵੇਂ ਫ਼ੌਜੀ ਸੀਨਾ ਤਾਣ
ਰਲ ਮਿਲ ਕਰਦੇ ਜਾਹਣ
ਵਾਦੀ ਦੀ ਰਖਵਾਲੀ,
ਹਰੀ ਕਚੂਰ, ਮਖ਼ਮਲ ਦੀਆਂ ਪੱਟੀਆਂ
ਦੂਰ ਦੂਰ ਤਕ ਵਿਛੀਆਂ
ਜਗ੍ਹਾ ਜਗ੍ਹਾ ਫੁੱਲਾਂ ਦੇ ਝੁਰਮਟ
ਰੰਗ ਬਰੰਗੇ ਸੋਹਣੇ ਨੱਟ ਖੱਟ
ਮਹਿਕ ਲਹਿਕ ਕੇ ਵਾਅ ਨਾਲ ਖੇਡਣ
ਜਿਵੇਂ ਕੁੜੀਆਂ ਕਿਕਲੀ ਪਾਉਣ
ਲੰਘਦੇ ਤੇ ਵੀ ਨਜ਼ਰਾਂ ਪਾਣ
ਖੇਡ ਖੇਡ ਵਿਚ ਕਰਦੇ ਜਾਹਣ

ਵਾਦੀ ਦੀ ਰਖਵਾਲੀ,

ਸਰ ਸਰ ਕਰਦੇ ਚਸ਼ਮੇ ਫੁੱਟਦੇ
ਠੰਡੇ, ਸੁਥਰੇ ਪਾਣੀ ਦੇ
ਸੱਪ ਦੇ ਵਾਂਗੂੰ ਕੁੰਡਲਾਂ ਪਾ ਕੇ
ਨੀਂਵੇਂ, ਨੀਂਵੇਂ ਰਿੜ੍ਹਦੇ ਜਾ ਕੇ
ਮਿਲ ਜਾਣ ਨਾਲ ਨਦੀ ਦੇ
ਵਿਛੜੇ ਜਿਵੇਂ ਕਦੀ ਦੇ
ਸ਼ੋਰ ਮਚਾਂਦੀ, ਪੱਥਰ ਢਾਂਦੀ, ਨਦੀ ਵੀ ਚਲਦੀ ਜਾਏ
ਖ਼ੌਫ਼ ਦਿਲਾਂਦੀ, ਕਰਦੀ ਜਾਏ

ਵਾਦੀ ਦੀ ਰਖਵਾਲੀ,

ਪੰਛੀ ਵਾਅ ਵਿਚ ਲੈਂਦੇ ਤਾਰੀ
ਨਾ ਕੋਈ ਦਿਲ ਵਿਚ ਖ਼ੌਫ਼ ਸ਼ਿਕਾਰੀ
ਟਹਿਲਾਂ ਕਰਦੇ ਫਿਰਨ ਜਨਾਵਰ
ਗੱਲ ਰੱਸੇ, ਨਾ ਕੋਈ ਸੌਦਾਗਰ
ਇਕ ਦੂਜੇ ਨਾਲ ਖੇਡਾਂ ਕਰਦੇ
ਬੰਦਾ ਵੇਖ ਕੇ ਮੂਲ ਨਾ ਡਰਦੇ
ਜੋ ਚਾਹੰਦੇ ਸੌ ਚਰਦੇ ਨੇਂ
ਖ਼ੁਸ਼ੀ, ਖ਼ੁਸ਼ੀ ਪਏ ਕਰਦੇ ਨੇਂ

ਵਾਦੀ ਦੀ ਰਖਵਾਲੀ,

ਰੱਬ ਦੀ ਕੁਦਰਤ ਵੇਖ ਕੇ ਮੇਰਾ ਦਿਲ ਨਹੀਂ ਭਰਦਾ

ਇੱਥੋਂ ਜਾਣ ਨੂੰ ਜੀ ਨਹੀਂ ਕਰਦਾ
ਨਾ ਸ਼ਹਿਰਾਂ ਦਾ ਸ਼ੋਰ ਸ਼ਰਾਬਾ
ਨਾ ਧੋਖਾ, ਨਾ ਝੂਠ ਖ਼ਰਾਬਾ
ਹਰ ਸ਼ੈ ਅਸਲੀ, ਹਰ ਸ਼ੈ ਸੁਚੀ
ਕਿਉਂ ਨਾ ਹੋ ਜਾਏ ਸੋਚ ਵੀ ਉੱਚੀ
ਜੀ ਚਾਹੇ ਮੈਂ ਇੱਥੇ ਵੱਸ ਜਾਂ
ਮੈਂ ਵੀ ਮਿਲ ਕੇ ਕਰਦਾ ਰਾਂ
ਵਾਦੀ ਦੀ ਰਖਵਾਲੀ-

## ਗ਼ਜ਼ਲ

ਦੂਰ ਕਿਤੇ ਅਸਮਾਨਾਂ ਤੇ ਇਕ ਤਾਰਾ ਭੜਕੇ
ਰੁਸ ਕੇ ਪਾਈਆਂ ਦੂਰੀਆਂ, ਦਿਲ ਮੇਰਾ ਧੜਕੇ

ਹਿਜਰ ਦੀ ਅੱਗ ਵਿਚ ਤੜਫ਼ਾਂ ਤੇ ਕੋਈ ਤਾਂਘ ਨਾ ਜਾਣੇ
ਸੋਚਾਂ ਵਿਚ ਵੀ ਆਣ ਮਿਲੇ ਤੇ ਸਭ ਨੂੰ ਰੜਕੇ

ਥਲ ਮਾਰੂ ਵਿਚ ਭੁੱਜਦੀ ਆਂ, ਕੋਈ ਪਾਸ ਨਾ ਮੇਰੇ
ਰਾਂਝਾ, ਰਾਂਝਾ ਕੂਕਦੀ, ਕੋਈ ਸੁਣੇ ਨਾ ਮੁੜ ਕੇ

ਯਾਦ ਤੇਰੀ ਵਿਚ ਰੋਵਾਂ ਤੇ ਸਭ ਖ਼ੁਸ਼ੀਆਂ ਕਰਦੇ
ਅਸ਼ ਦੀ ਫੁੱਟਦੀ ਲਾਟਾਂ ਨੂੰ ਸਭ ਵੇਖਣ ਸੜ ਕੇ

ਅੱਜ ਵੀ ਲੜ ਕੇ ਜਾ ਬੈਠੇ ਓ ਦੂਰ ਦੁਰਾਡੇ
ਅੱਜ ਤੇ ਦਿਲ ਵਿਚ ਸੋਚਣਾ, ਕੀਹ ਮਲੇ ਗਾ ਲੜ ਕੇ

'ਸ਼ਮਸ' ਨੂੰ ਹਾਸਲ ਹੋ ਜਾਵੇ ਤੇਰੀ ਨਜ਼ਰ ਦੀ ਪੌੜੀ
ਜਾ ਕਦਮਾਂ ਵਿਚ ਬੈਠੇ ਗਾ, ਅਸਮਾਨੇ ਚੜ੍ਹ ਕੇ

## ਮਾਹੀਆ

ਛੱਡੋ ਜੀ,
ਕਿਉਂ ਸਾਨੂੰ ਸਤਾਂਦੇ ਓ
ਝੂਠੀ ਮੂਠੀ ਗੱਲਾਂ ਕਰਕੇ, ਹਾਏ ਮਾਹੀਆ
ਕਿਉਂ ਗੁੰਝਲਾਂ ਪਾਂਦੇ ਓ

ਦੱਸੋ ਜੀ,
ਮੇਰੀ ਕੀਹ ਗੁਸਤਾਖ਼ੀ ਏ
ਜਿੰਦੜੀ ਤੇ ਦੇ ਬੈਠੇ, ਹਾਏ ਮਾਹੀਆ
ਕੋਈ ਹੋਰ ਤਲਾਫ਼ੀ ਏ

ਬੋਲੋ ਜੀ,
ਕਿਉਂ ਚੁਪ ਚੁਪ ਰਹਿੰਦੇ ਓ
ਅਰਜ਼ਾਂ ਤੇ ਸੁਣਦੇ ਓ, ਹਾਏ ਮਾਹੀਆ
ਪਰ ਕੁਝ ਵੀ ਨਾ ਕਹਿੰਦੇ ਓ

ਮੰਨੋ ਜੀ,

ਅਸੀਂ ਇਸ਼ਕ 'ਚ ਸੱਖਰੇ ਆਂ
ਸਾਡੇ ਜਿਹਾ ਨਹੀਂ ਲਭਣਾ, ਹਾਏ ਮਾਹੀਆ
ਅਸੀਂ ਬੰਦੇ ਈ ਵਖਰੇ ਆਂ

ਬੁਝੋ ਜੀ,

ਸਾਡੇ ਦਿਲ ਵਿਚ ਕੀਹ ਵੱਸਦਾ
ਅਸੀਂ ਕਿਉਂ ਚੁਪ ਕੀਤੇ, ਹਾਏ ਮਾਹੀਆ
ਤੇਰਾ ਦਿਲ ਤੈਨੂੰ ਕੀਹ ਦੱਸਦਾ

ਵੇਖੋ ਜੀ,

ਤੁਸੀਂ ਦਿਲ ਵਿਚ ਵੱਸਦੇ ਓ
ਅਸੀਂ ਪਿੱਛਾ ਨਹੀਂ ਛੱਡਣਾ, ਹਾਏ ਮਾਹੀਆ
ਕਿਉਂ ਪਰੇ ਪਰੇ ਨੱਸਦੇ ਓ

ਸੁਣ ਲੌ ਜੀ,

ਗੱਲ ਕਰਨੀ ਪੈ ਜਾਏ ਗੀ
ਅਸੀਂ ਚੁਪ ਨਹੀਂ ਰਹਿਣਾ, ਹਾਏ ਮਾਹੀਆ
ਫ਼ਿਰ ਭਰਨੀ ਪੈ ਜਾਏ ਗੀ

ਸੋਚੋ ਜੀ,

ਇਸ ਦੁਨੀਆ ਤੇ ਨਹੀਂ ਰਹਿਣਾ
ਅਸੀਂ ਜਦੋਂ ਮਰ ਜਾਂ ਗੇ, ਹਾਏ ਮਾਹੀਆ
ਕਿਸੇ ਪਾਸ ਵੀ ਨਹੀਂ ਬਹਿਣਾ

ਬੈਠੋ ਜੀ,

ਕੁਝ ਦਿਲ ਦੀਆਂ ਕਰ ਲਈਏ
ਇਹ ਵੇਲਾ ਨਹੀਂ ਮੁੜਨਾ, ਹਾਏ ਮਾਹੀਆ
ਇਕ ਦੂਜੇ ਨੂੰ ਜਰ ਲਈਏ

## ਨਜ਼ਮ

ਅੱਜ ਤਾਰਿਆਂ ਦੀ ਭਰੀ ਹੋਈ ਰਾਤ, ਪਤਾ ਨਹੀਂ ਕਿਵੇਂ ਗੁਜ਼ਰੇ ਗੀ
ਅੱਜ ਹੰਝੂਆਂ ਦੀ ਸੰਭਲੀ ਬਾਰਾਤ, ਪਤਾ ਨਹੀਂ ਕਿਵੇਂ ਗੁਜ਼ਰੇ ਗੀ

ਮੈਂ ਤਾ ਪਿਆਰ ਦੇ ਬਖੇੜੇ ਗਲ ਪਾਏ ਨੇਂ
ਨੀਂਦਾਂ ਛੱਡੀਆਂ ਤੇ ਝੇੜੇ ਗਲ ਪਾਏ ਨੇਂ

ਮੈਂ ਤੇ ਆਪੇ ਈ ਸਹੇੜੀ ਇਹ ਸੌਗ਼ਾਤ, ਪਤਾ ਨਹੀਂ ਕਿਵੇਂ ਗੁਜ਼ਰੇ ਗੀ

ਤੇਰੇ ਆਣ ਦੀਆਂ ਰਾਹਵਾਂ ਤਕ ਤਕ ਕੇ
ਪੱਥਰ ਹੋ ਗਈਆਂ ਨੇਂ ਅੱਖਾਂ ਥਕ ਥਕ ਕੇ

ਹੁਣ ਕਦੀ ਵੀ ਨਹੀਂ ਹੁੰਦੀ ਮੁਲਾਕਾਤ, ਪਤਾ ਨਹੀਂ ਕਿਵੇਂ ਗੁਜ਼ਰੇ ਗੀ

ਯਾਦ ਹੋਏ ਗਾ ਜੋ ਰੁਸੀ ਨੂੰ ਮਨਾਂਦੇ ਸੌ
ਨਾਲੇ ਪਿਆਰ ਦੀਆਂ ਗੱਲਾਂ ਵੀ ਸੁਣਾਂਦੇ ਸੌ

ਮੈਂ ਤਾਂ ਭੁਲ ਗਈ ਆਪਣੀ ਵੀ ਜ਼ਾਤ, ਪਤਾ ਨਹੀਂ ਕਿਵੇਂ ਗੁਜ਼ਰੇ ਗੀ

ਕਾਲੀ ਰਾਤ ਵਿਚ ਹੰਝੂਆਂ ਦੇ ਤਾਰੇ ਨੇਂ
ਮੇਰੇ ਹੌਕਿਆਂ ਦੇ ਆਖ਼ਰੀ ਸਹਾਰੇ ਨੇਂ

ਕਦੋਂ ਆਵੇ ਗੀ ਪਿਆਰ ਵਾਲੀ ਰਾਤ, ਪਤਾ ਨਹੀਂ ਕਿਵੇਂ ਗੁਜ਼ਰੇ ਗੀ

ਤੇਰਾ ਚੰਦ ਜਿਹਾ ਮੁਖੜਾ ਤੇ ਕਹਿੰਦਾ ਏ
ਮੇਰਾ ਪਿਆਰ ਤੇਰੇ ਨਾਲ ਨਾਲ ਰਹਿੰਦਾ ਏ

ਬੁਝ ਗਈ ਜਦੋਂ 'ਸ਼ਮਸ' ਦੀ ਜ਼ਾਤ, ਪਤਾ ਨਹੀਂ ਕਿਵੇਂ ਗੁਜ਼ਰੇ ਗੀ

# ਸੌਂਹ

ਜ਼ਰਾ ਵੇਖ ਤੇ ਸਹੀ
ਕਿੱਡਾ ਸੋਹਣਾ ਇਹ ਫੁੱਲ ਗੁਲਾਬ ਦਾ ਏ
ਜਿਵੇਂ ਸੂਹਾ ਇਹ ਜੋੜਾ ਜਨਾਬ ਦਾ ਏ
ਬੀਰ ਬੋਹਟੀ ਤਰ੍ਹਾਂ ਪਿਆ ਲਿਸ਼ਕਦਾ ਏ
ਮਖ਼ਮਲ ਵਾਂਗ ਪਿਆ ਡਲ੍ਹਕਾਂ ਮਾਰਦਾ ਏ
ਇਹਦੀ ਪੱਤੀਆਂ ਇੰਜ ਪਰੁਤੀਆਂ ਨੇਂ
ਜਿਵੇਂ ਲਾਲਾਂ ਦੀਆਂ ਤਹਿਆਂ ਲਗੀਆਂ ਨੇਂ
ਕਿਵੇਂ ਮਸਤ ਅਲਸਤ ਪਿਆ ਝੂਮਦਾ ਏ
ਨਾਲੇ ਵਾਅ 'ਚ ਖ਼ੁਸ਼ਬੂ ਬਖੇਰਦਾ ਏ
ਇਹਨੂੰ ਵੇਖਿਆਂ ਅੱਖਾਂ ਨੂੰ ਠੰਡ ਪੈਂਦੀ
ਨਾਲੇ ਰੰਗ ਗੁਲਾਬੀ ਦੀ ਝਲਕ ਰਹਿੰਦੀ
ਜਿਵੇਂ ਅੱਖਾਂ ਤੇਰੀਆਂ ਨਜ਼ਰ ਆਂਦੀਆਂ ਨੇਂ
ਠੰਡਾਂ ਪਾਂਦੀਆਂ ਨੇਂ
ਹੱਥ ਰਖ ਕੇ ਇਸ ਗੁਲਾਬ ਉੱਤੇ
ਸੌਂਹ ਚੁਕੀਏ ਇਸ ਦੀ ਤਾਬ ਉੱਤੇ
ਅਸੀਂ ਪਿਆਰ ਦੇ ਨਾਲ ਗੁਜ਼ਾਰਨੀ ਏ

ਨਾਲ ਖ਼ੁਸ਼ੀਆਂ ਦੇ ਅਸੀਂ ਸੰਵਾਰਨੀ ਏ
ਜਿਨੀ ਜ਼ਿੰਦਗੀ ਰੱਬ ਅਤਾ ਕੀਤੀ
ਭਾਵੇਂ ਸੜੇ ਜ਼ਮਾਨਾ
ਪਿਆ ਬਣੇ ਵੈਰੀ

# ਉਡੀਕਾਂ

ਮੈਂ ਤੇ ਭੰਨ ਭੰਨ ਰੋਟੀਆਂ ਪਾਵਾਂ
ਤੇ ਕਾਵਾਂ ਨੂੰ ਬੁਲਾਵਾਂ
ਨਾਲੇ ਗੀਤ ਮਿਲਣ ਦੇ ਗਾਵਾਂ

ਕਦੋਂ ਆਵੇ ਗਾ ਮੇਰਾ ਚੰਨ ਮਾਹੀ
ਜਿਹਦੇ ਪਿਆਰ ਵਿਚ ਹੋਈ ਆਂ ਸੌਦਾਈ

ਤੂੰ ਤੇ ਆਖਿਆ ਸੀ ਛੇਤੀ ਮੁੜ ਆਵਾਂ ਗਾ
ਨਾਲ ਮਿਲ ਕੇ ਮੈਂ ਕਣਕਾਂ ਕਟਾਵਾਂ ਗਾ
ਦਾਣੇ ਵੇਚ ਕੇ ਮੈਂ ਰਕਮਾਂ ਲਿਆਵਾਂ ਗਾ
ਨਵੇਂ ਕਪੜੇ ਤੇ ਝੁਮਰ ਸਜਾਵਾਂ ਗਾ
ਕੋਠੇ ਚੜ੍ਹ ਚੜ੍ਹ ਤਕਦੀ ਆਂ ਰਾਹਵਾਂ
ਨਾਲੇ ਗੀਤ ਮਿਲਨ ਦੇ ਗਾਵਾਂ

ਕਦੋਂ ਅਵੇ ਗਾ ਮੇਰਾ ਚੰਨ ਮਾਹੀ
ਜਿਹਦੇ ਪਿਆਰ ਵਿਚ ਹੋਈ ਆਂ ਸੌਦਾਈ

ਗੱਲਾਂ ਕਹਿੰਦੀਆਂ ਨੇਂ ਸਾਰੀਆਂ ਸਹੇਲੀਆਂ
ਤੇਰੇ ਜਾਣ ਦੀਆ ਪੁੱਛਣ ਪਹੇਲੀਆਂ
ਨੀਂਦਾਂ ਮੁੱਕੀਆਂ ਤੇ ਆਣ ਤਰੇਲੀਆਂ
ਗੱਲ ਪਈਆਂ ਨੇਂ ਮੁਸੀਬਤਾਂ ਨਵੇਲੀਆਂ
ਮੈਂ ਤੇ ਮਲ ਮਲ ਅੱਖ ਫੜਕਾਵਾਂ
ਨਾਲੇ ਗੀਤ ਮਿਲਣ ਦੇ ਗਾਵਾਂ

ਕਦੋਂ ਆਵੇ ਗਾ ਮੇਰਾ ਚੰਨ ਮਾਹੀ
ਜਿਹਦੇ ਪਿਆਰ ਵਿਚ ਹੋਈ ਆ ਸੌਦਾਈ

## ਸ਼ਿਕਵਾ ਯਾਦ

ਤੇਰੀ ਯਾਦ ਤੇ ਹੁਣ ਵੀ ਆਂਦੀ ਏ, ਪਰ ਦਿਲ ਨੂੰ ਹੁਣ ਤੜਫ਼ਾਂਦੀ ਨਹੀਂ
ਜਾਂ ਹੁਸਨ ਤੇਰੇ ਵਿਚ ਗਰਮੀ ਨਹੀਂ, ਜਾਂ ਇਸ਼ਕ ਨੂੰ ਮਸਤੀ ਆਂਦੀ ਨਹੀਂ

ਮੈਂ ਤੈਨੂੰ ਭੁਲ ਤੇ ਨਹੀਂ ਸਕਦਾ, ਜੇ ਭੁਲ ਜਾਵਾਂ ਤੇ ਮਰ ਜਾਵਾਂ
ਜਾਂ ਆਪ ਭੁਲਾਣਾ ਚਾਹੰਦੇ ਓ, ਜਾਂ ਯਾਦ ਤੇਰੀ ਹੁਣ ਚਾਹੰਦੀ ਨਹੀਂ

ਉਹ ਵੇਲੇ ਕਦੀ ਤੇ ਯਾਦ ਕਰੋ, ਜਦ ਜਾਨ ਮੇਰੀ ਵਿਚ ਵੱਸਦੇ ਸੌ
ਜਾਂ ਜਾਨ ਮੇਰੀ ਹੁਣ ਜਾਨ ਨਹੀਂ, ਜਾਂ ਜਾਨ ਤੇਰੀ ਘਬਰਾਂਦੀ ਨਹੀਂ

ਤੁਸੀਂ ਪਿਆਰ ਦੇ ਵਾਅਦੇ ਕੀਤੇ ਸਨ, ਨਾ ਵਿਛੜਾਂ ਗੇ ਨਾ ਤੜਫ਼ਾਂ ਗੇ
ਜਾਂ ਪਿਆਰ ਦੇ ਵਾਅਦੇ ਕੱਚੇ ਸਨ, ਜਾਂ ਯਾਦ ਤੇਰੀ ਪਛਤਾਂਦੀ ਨਹੀਂ

ਕਦੀ ਪਿਆਰ ਮੇਰੇ ਵਿਚ ਰਹਿੰਦੇ ਸੌ, ਨਜ਼ਰਾਂ ਨੂੰ ਦਿਲ ਦੀਆਂ ਕਹਿੰਦੇ ਸੌ
ਜਾਂ ਨਜ਼ਰ ਮੇਰੀ ਵਿਚ ਅਸਰ ਨਹੀਂ, ਜਾਂ ਨਜ਼ਰ ਮੇਰੀ ਹੁਣ ਭਾਂਦੀ ਨਹੀਂ

ਹੁਣ ਯਾਦ ਤੁਹਾਨੂੰ ਕੀਹ ਕਰੀਏ, ਤੁਸੀਂ ਯਾਦ ਤੋਂ ਵੀ ਘਬਰਾਂਦੇ ਓ
ਹੁਣ ਯਾਦ ਵੀ ਘਟਦੀ ਜਾਂਦੀ ਏ, ਪਰ ਆ ਜਾਵੇ ਤੇ ਜਾਂਦੀ ਨਹੀਂ

ਤੁਸੀਂ ਯਾਦ ਮੈਨੂੰ ਜਦ ਕਰਦੇ ਸੌ, ਮੈਂ ਯਾਦਾਂ ਵਿਚ ਡੁਬ ਜਾਂਦਾ ਸਾਂ
ਹੁਣ ਯਾਦ ਤੇਰੀ ਤੇ ਕੀਹ ਗੁਜ਼ਰੀ, ਹੁਣ ਯਾਦ ਮੇਰੀ ਭੜਕਾਂਦੀ ਨਹੀਂ

ਹੁਣ ਯਾਦ ਤੁਹਾਨੂੰ ਕੀਹ ਕਰੀਏ, ਹੁਣ ਯਾਦਾਂ ਵਿਚ ਕੀਹ ਬੱਚਿਆ ਏ
ਜੋ ਨੀਂਦ ਉੜਾ ਕੇ ਰਖ ਦੇਵੇ, ਹੁਣ ਓਨੀ ਯਾਦ ਵੀ ਆਂਦੀ ਨਹੀਂ

ਕਦੀ ਲੰਮੀਆਂ ਛੇੜ ਕੇ ਬਹਿੰਦੇ ਸੌ, ਹੁਣ ਚੁਪ ਕਰਕੇ ਲੰਘ ਜਾਂਦੇ ਓ
ਜਾਂ ਝੂਠਾ ਪਿਆ ਜਤਾਂਦੇ ਸੌ, ਜਾਂ ਪਿਆਰ ਦੀ ਯਾਦ ਵੀ ਆਂਦੀ ਨਹੀਂ

ਹੁਣ 'ਸ਼ਮਸ' ਨੂੰ ਕੀਹ ਕੁਝ ਕਹਿਣਾ ਜੇ, ਕੀਹ ਛੱਡਿਆ ਜੇ ਹੁਣ ਕਹਿਣ ਲਈ
ਤੁਸੀਂ ਇਸ ਤੋਂ ਪਾਸਾ ਮੋੜ ਲਿਆ, ਹੁਣ ਯਾਦ ਉਹਦੀ ਕੁਰਲਾਂਦੀ ਨਹੀਂ

## ਕਣਕਾਂ ਦੀਆਂ ਫ਼ਸਲਾਂ

ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇਂ, ਜ਼ਰਾ ਵੇਖ ਤੇ ਸਹੀ
ਹਰ ਪਾਸੇ ਖ਼ੁਸ਼ੀਆਂ ਨੱਚੀਆਂ ਨੇਂ, ਜ਼ਰਾ ਵੇਖ ਤੇ ਸਹੀ

ਚੂਹੇ ਨੇਂ ਭਜਦੇ ਫਿਰਦੇ, ਦਾਣੇ ਖਾਉਣ ਨੂੰ
ਸੱਪ ਵੀ ਰਿੜ੍ਹਦੇ ਫਿਰਦੇ, ਚੂਹੇ ਮੁਕਾਉਣ ਨੂੰ
ਦੌੜਾਂ ਲਾਣ ਨਿਉਲੇ, ਜੰਗ ਮਚਾਉਣ ਨੂੰ

ਹਰ ਇਕ ਨੇ ਨਜ਼ਰਾਂ ਰੱਖੀਆਂ ਨੇਂ, ਜ਼ਰਾ ਵੇਖ ਤੇ ਸਹੀ
ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇਂ, ਜ਼ਰਾ ਵੇਖ ਤੇ ਸਹੀ

ਸੁੰਢੀਆਂ, ਕੀੜੇ, ਕਾਢੇ, ਜਸ਼ਨ ਮਨਾਂਦੇ ਨੇਂ
ਤਿੱਤਰ, ਬਟੇਰੇ, ਪੰਛੀ, ਲੁਕਮੇ ਲਾਂਦੇ ਨੇਂ
ਡੰਗਰ, ਢੋਰ ਵੀ ਜ਼ੋਰੀਂ, ਰੱਸੇ ਤੁੜਾਂਦੇ ਨੇਂ

ਹੁਣ ਸਭ ਦੀਆਂ ਰੀਝਾਂ ਲੱਥੀਆਂ ਨੇਂ, ਜ਼ਰਾ ਵੇਖ ਤੇ ਸਹੀ
ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇਂ, ਜ਼ਰਾ ਵੇਖ ਤੇ ਸਹੀ

ਮਹਿਨਤ ਕਰਦੇ ਰਹੇ ਮਜ਼ਾਰੇ, ਕੰਣਕਾਂ ਲਾਈਆਂ
ਫ਼ਸਲਾਂ ਕਟ ਕੇ ਕੱਠੀਆਂ ਕਰਦੇ, ਪਾਣ ਗਹਾਈਆਂ
ਬਚਿਆ ਖੁਚਿਆ ਘਰ ਲੈ ਜਾਂਦੇ, ਦੇਣ ਵਧਾਈਆਂ

ਕਿਤੇ ਨਵੀਆਂ ਮਸ਼ੀਨਾਂ ਲਗੀਆਂ ਨੇਂ, ਜ਼ਰਾ ਵੇਖ ਤੇ ਸਹੀ
ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇਂ, ਜ਼ਰਾ ਵੇਖ ਤੇ ਸਹੀ

ਆੜ੍ਹਤੀਆਂ ਨੇਂ ਦੌੜਾਂ ਲਾਈਆਂ, ਕਣਕਾਂ ਚਾਣ ਨੂੰ
ਫ਼ੈਕਟਰੀਆਂ ਨੇ ਮੂੰਹ ਖੋਲ੍ਹੇ ਨੇਂ, ਲੁਕਮੇ ਲਾਉਣ ਨੂੰ
ਢਿੱਡ ਖੁੱਲ੍ਹੇ ਅਸਟੋਰਾਂ ਦੇ ਵੀ, ਦਾਣੇ ਪਾਣ ਨੂੰ

ਹਰ ਪਾਸੇ ਕਣਕਾਂ ਕੱਟੀਆਂ ਨੇਂ, ਜ਼ਰਾ ਵੇਖ ਤੇ ਸਹੀ
ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇਂ, ਜ਼ਰਾ ਵੇਖ ਤੇ ਸਹੀ

ਉਹ ਛੇਤੀ ਵੇਲਾ ਆ ਜਾਣਾ ਏ, ਪਿੰਡ ਤੇ ਚੜ੍ਹ ਕੇ
ਕਣਕ ਸਮੇਟਣ ਆ ਜਾਵਣ ਗੇ, ਰਕਮਾਂ ਫੜ ਕੇ
ਨੋਟਾਂ ਦਾ ਰੰਗ ਵੇਖ ਕੇ ਲੋਕੀ, ਦੇਂਦੇ ਬੜ੍ਹ ਕੇ

ਦੌਲਤ ਨੇ ਕਣਕਾਂ ਲੁਟੀਆਂ, ਜ਼ਰਾ ਵੇਖ ਤੇ ਸਹੀ
ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇਂ, ਜ਼ਰਾ ਵੇਖ ਤੇ ਸਹੀ

ਆਖ਼ਰ ਨਿਕਲੇ ਤਲਖ਼ ਨਤੀਜਾ, ਕਣਕ ਦਾ ਘਾਟਾ
ਦੌਲਤ-ਮੰਦ ਤੇ ਮੁਲ ਲੈ ਲੈਂਦੇ, ਫ਼ਿਕਰ ਨਾ ਫ਼ਾਕਾ
ਗ਼ਰੀਬ ਮਜ਼ਾਰਾ ਉਡ ਪੁਡ ਜਾਂਦਾ, ਰਕਮ ਨਾ ਆਟਾ

ਅੱਲ੍ਹਾ ਨੇ ਛੁਟੀਆਂ ਦਿੱਤੀਆਂ ਨੇਂ, ਜ਼ਰਾ ਵੇਖ ਤੇ ਸਹੀ
ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇਂ, ਜ਼ਰਾ ਵੇਖ ਤੇ ਸਹੀ

# ਦੁਨੀਆ ਦੇ ਚੱਕਰ

ਮੁਕਦੇ ਨਹੀਂ ਦੁਨੀਆ ਦੇ ਚੱਕਰ, ਬੰਦਾ ਖ਼ੁਦ ਮੁਕ ਜਾਂਦਾ ਏ
ਢਿੱਡ ਦਾ ਚੱਕਰ ਪੈ ਜਾਂਦਾ ਸੂ
ਪੈਦਾ ਹੋਣ ਤੋਂ ਪਹਿਲੋਂ
ਜਾਣ ਨਾ ਛੱਡੇ ਬੰਦੇ ਦੀ ਇਹ
ਕਬਰੀਂ ਸੌਣ ਤੋਂ ਪਹਿਲੋਂ
ਆਟਾ ਮੁਕੀਆਂ ਖਾਂਦਾ ਜਾਵੇ
ਜਿਵੇਂ ਤਾਉਣ ਤੋਂ ਪਹਿਲੋਂ
ਮਰ ਕੇ ਵੀ ਇਹ ਬਚ ਨਹੀਂ ਸਕਦਾ, ਦੂਜਿਆਂ ਦੇ ਢਿੱਡ ਜਾਂਦਾ ਏ
ਮੁਕਦੇ ਨਹੀਂ ਦੁਨੀਆ ਦੇ ਚੱਕਰ, ਬੰਦਾ ਖ਼ੁਦ ਮੁਕ ਜਾਂਦਾ ਏ
ਦੂਜਾ ਚੱਕਰ ਨਫ਼ਸ ਦਾ ਪੈਂਦਾ
ਹਰ ਕੋਈ ਨਜ਼ਰੀਂ ਭਾਵੇ
ਆਖ਼ਰ ਮਿਲ ਜਾਏ ਜੀਵਨ ਸਾਥੀ
ਆਪਣੇ ਲਗਣ ਪਰਾਏ
ਆਪਣਾ ਚੈਨ ਗੁਆਏ
ਸਭ ਦੀਆਂ ਰੀਝਾਂ ਲਾਹੰਦਾ ਲਾਹੰਦਾ, ਆਖ਼ਰ ਕੱਲਾ ਟੁਰ ਜਾਂਦਾ ਏ
ਮੁਕਦੇ ਨਹੀਂ ਦੁਨੀਆ ਦੇ ਚੱਕਰ, ਬੰਦਾ ਖ਼ੁਦ ਮੁਕ ਜਾਂਦਾ ਏ

ਤੀਜਾ ਚੱਕਰ ਦੌਲਤ ਦਾ ਪਏ
ਮਰ ਜਾਏ ਖੱਟੀਆਂ ਕਰਦਾ
ਜੈਜ਼ ਨਜੈਜ਼ ਦਾ ਫ਼ਰਕ ਨਾ ਰਖੇ
ਦੌਲਤ ਤੇ ਇੰਜ ਮਰਦਾ
ਲੋੜ ਤੋਂ ਵਧ ਵੀ ਲਭ ਜਾਵੇ ਤੇ
ਫ਼ਿਰ ਵੀ ਦਿਲ ਨਹੀਂ ਭਰਦਾ
ਮਰ ਕੇ ਵੀ ਦੁਨੀਆ ਨੂੰ ਆਪਣੇ, ਖ਼ਾਲੀ ਹੱਥ ਦਖਾਂਦਾ ਏ
ਮੁਕਦੇ ਨਹੀਂ ਦੁਨੀਆ ਦੇ ਚੱਕਰ, ਬੰਦਾ ਖ਼ੁਦ ਮੁਕ ਜਾਂਦਾ ਏ
ਇਕ ਚੱਕਰ ਜਾਇਦਾਦ ਦਾ ਪੈਂਦਾ
ਹਦ ਕੋਈ ਨਜ਼ਰ ਨਾ ਆਵੇ
ਕੋਠੇ, ਵਾਹੀਆਂ, ਬਾਗ਼ ਬਗ਼ੀਚੇ
ਨਵੇਂ ਤੋਂ ਨਵੇਂ ਬਣਾਵੇ
ਵਿਚੋਂ ਤੇ ਇਹ ਜੀ ਚਾਹੰਦਾ ਸੂ
ਧਰਤੀ ਨੂੰ ਵੀ ਖਾ ਜਾਵੇ
ਆਖ਼ਰ ਦੋ ਗਜ਼ ਟੁਕੜਾ ਲਭਦਾ, ਪਿਛੇ ਸਭ ਛੱਡ ਜਾਂਦਾ ਏ
ਮੁਕਦੇ ਨਹੀਂ ਦੁਨੀਆ ਦੇ ਚੱਕਰ, ਬੰਦਾ ਖ਼ੁਦ ਮੁਕ ਜਾਂਦਾ ਏ
ਵਖਰੇ ਵਖਰੇ ਚੱਕਰੀਂ ਪੈ ਕੇ
ਕਈ ਕਈ ਚੱਕਰ ਚਲਾਏ
ਸਭ ਨੂੰ ਨੀਵਾਂ ਕਰਨ ਦੀ ਖ਼ਾਤਰ

ਸਭ ਕੁਝ ਕਰਦਾ ਜਾਏ

ਦੂਜੇ ਨੂੰ ਤੇ ਪਾਏ ਮੁਸੀਬਤ

ਖ਼ੁਦ ਵੀ ਫਸਦਾ ਜਾਏ

ਕੋਈ ਨਾ ਚੱਕਰ ਕੰਮ ਦੇਂਦਾ, ਜਦ ਮੌਤ ਦਾ ਚੱਕਰ ਆਂਦਾ ਏ

ਮੁਕਦੇ ਨਹੀਂ ਦੁਨੀਆ ਦੇ ਚੱਕਰ, ਬੰਦਾ ਖ਼ੁਦ ਮੁਕ ਜਾਂਦਾ ਏ

# ਕਿਤਨਾ ਜ਼ੋਰ ਵੀ ਪਾ ਜਾਵੇਂ

ਤੂੰ ਕਿਤਨਾ ਜ਼ੋਰ ਵੀ ਪਾ ਜਾਵੇਂ
ਤੂੰ ਦੁਨੀਆ ਤੇ ਵੀ ਛਾ ਜਾਵੇਂ
ਪਰ ਯਾਦ ਰਖੀਂ
ਤੂੰ ਬੰਦਾ ਏਂ ਕਮਜ਼ੋਰ ਜਿਹਾ
ਤੈਨੂੰ ਇੱਥੇ ਆਣ ਤੋਂ ਪਹਿਲਾਂ
ਕਿਸੇ ਪੁੱਛਿਆ ਨਾ
ਤੂੰ ਕਿਸ ਦੁਨੀਆ ਵਿਚ ਚੱਲਿਆ ਏਂ
ਕਿਸੇ ਦੱਸਿਆ ਨਾ
ਅੱਖ ਖੋਲ੍ਹੀ ਤੇ ਚੀਕ ਚਿਹਾੜੇ ਦੁਨੀਆ ਦੇ
ਵਧ ਵਧ ਆਖਣ
"ਜੀ ਆਇਆਂ ਨੂੰ"
ਚੁੰਮਣ ਤੇਰੀਆਂ ਗਲ੍ਹਾਂ ਨੂੰ,
ਤੂੰ ਜਿਉਂ ਜਿਉਂ ਵੱਡਾ ਹੁੰਦਾ ਜਾਏਂ
ਸਭ ਨੂੰ ਚੰਗਾ ਲਗਦਾ ਜਾਏਂ
ਸਭ ਤੇਰੇ ਤੇ ਵਾਰੀ ਕਰਨ ਮੁਹੱਬਤ
ਤੇਰੀ ਮਰਜ਼ੀ ਕੋਈ ਨਾ ਪੁੱਛੇ
ਹਰ ਕੋਈ ਦੇਵੇ ਹਿਦਾਇਤ

ਹੋਸ਼ ਜੋ ਪਕੜੀ, ਦੁਨੀਆ ਦੱਸਿਆ
ਤੂੰ ਕਿਹੜੀ ਆਕੜ ਵਿਚ ਫਿਰਦਾ
ਰੱਬ ਨੇਂ ਤੈਨੂੰ ਜੰਨਤੋਂ ਕੱਢਿਆ
ਤੇਰੇ ਲਈ ਇਬਲੀਸ ਨੂੰ ਛੱਡਿਆ
ਤੂੰ ਪੁਛੇਂ, ਤੂੰ ਕੀਹ ਏਂ?
ਤੂੰ ਤੇ ਆਪ ਨੂੰ ਸਭ ਕੁਝ ਸਮਝੇਂ
ਲੋਕੀ ਸਮਝਣ ਹੋਰ ਜਿਹਾ
ਤੂੰ ਬੰਦਾ ਏਂ ਕਮਜ਼ੋਰ ਜਿਹਾ,
ਸ਼ੌਕ ਦਾ ਭਰਿਆ, ਦੁਨੀਆਂ ਵੜਿਆ
ਝੰਡਾ ਹੱਥ ਇਨਸਾਫ਼ ਦਾ ਫੜਿਆ
ਦਿਲ ਵਿਚ ਧਾਰੀ
ਦੁਨੀਆ ਉੱਤੋਂ ਖ਼ਤਮ ਕਰਾਂ ਗਾ ਜ਼ੁਲਮ ਬਿਮਾਰੀ
ਆਹਮੋਂ ਲਾਹਮੋਂ ਹੁੱਜਾਂ ਪਈਆਂ
ਗੁਝੀਆਂ ਸਹੀਆਂ
ਜ਼ੁਲਮ ਦੇ ਭਾਂਬੜ ਮੱਚਦੇ ਵੇਖੇ
ਲੋਕਾਂ ਦੇ ਘਰ ਭਜਦੇ ਵੇਖੇ
ਖੁਲ੍ਹੇ ਫਿਰਨ ਇਬਲੀਸ ਦੇ ਚੇਲੇ
ਲ਼ੁਟਦੇ ਫਿਰਦੇ ਅਮਨ ਦੇ ਮੇਲੇ
ਖ਼ੂਨ ਕਰਨ ਮਜ਼ਲੂਮਾਂ ਦਾ
ਮਾਅਸੂਮਾਂ ਦਾ

ਤੂੰ ਤੇ ਹੱਕ ਦੀ ਖ਼ਾਤਰ ਦੌੜੇਂ
ਭੁੱਖਾ ਵੇਖ ਕੇ ਫ਼ੌਰਨ ਬੌਹੜੇਂ
ਹੱਥ ਚੜ੍ਹ ਜਾਏਂ ਤੇ ਲੋਕੀ ਤੈਨੂੰ
ਫਾਂਡਾ ਦੇਂਦੇ ਚੋਰ ਜਿਹਾ
ਤੂੰ ਬੰਦਾ ਏਂ ਕਮਜ਼ੋਰ ਜਿਹਾ,
ਤੂੰ ਬੜੇ ਬੜੇ ਮਨਸੂਬੇ ਸੋਚੇਂ
ਕੋਈ ਕੋਈ ਹੋਵੇ ਪੂਰਾ
ਅਸਲ 'ਚ ਰਹੇ ਅਧੂਰਾ
ਨੇਕੀ ਖ਼ਾਤਰ ਜਾਨਾਂ ਮਾਰੇਂ
ਹਾਜਤ ਮੰਦਾਂ ਤੇ ਦੌਲਤ ਵਾਰੇਂ
ਚਾਹਵੇਂ ਜਗ ਤੋਂ ਜ਼ੁਲਮ ਹੋ ਜਾਵੇ ਦੂਰ
ਅਮਨ ਦਾ ਆਵੇ ਸਦਾ ਸਰੂਰ
ਲੇਕਨ ਤੇਰੇ ਵੇਹਿੰਦੇ ਵੇਹਿੰਦੇ
ਸਭ ਨੂੰ ਚੰਗਿਆਂ ਕਹਿੰਦੇ ਕਹਿੰਦੇ
ਸਭ ਦੀਆਂ ਮਾਰਾਂ ਸਹਿੰਦੇ ਸਹਿੰਦੇ
ਆ ਜਾਏ ਐਸਾ ਇਕ ਤੂਫ਼ਾਨ
ਰੋੜ੍ਹ ਕੇ ਲੈ ਜਾਏ ਤੇਰਾ ਸਾਰਾ ਨੇਕੀ ਦਾ ਸਾਮਾਨ
ਕੋਈ ਨਾ ਪੁੱਛੇ ਤੇਰੇ ਦਿਲ ਦੀ
ਕਿਉਂ ਹੋਵੇਂ ਪਰੇਸ਼ਾਨ
ਜਿਸ ਨੂੰ ਦਿਲ ਤੋਂ ਚੰਗਾ ਸਮਝੇਂ

ਵਿਚੋਂ ਨਿਕਲੇ ਹੋਰ ਜਿਹਾ
ਤੂੰ ਬੰਦਾ ਏਂ ਕਮਜ਼ੋਰ ਜਿਹਾ
ਤੂੰ ਵੇਖੇਂ ਬੰਦੇ ਮਰਦੇ ਨੇਂ
ਨਾਲੇ ਹਰ ਦਮ ਬੱਚੇ ਜੰਮਦੇ ਨੇਂ
ਤੂੰ ਨਵੇਂ ਸ਼ਗੂਫ਼ੇ ਖਿੜਦੇ ਦੇਖੀਂ
ਖੇਡ ਤਮਾਸ਼ੇ ਦਿਲਦੇ ਦੇਖੀਂ
ਆਦਮ ਦੀ ਔਲਾਦ ਦੇ ਅੰਦਰ
ਧੋਖੇ, ਝਾਂਸੇ, ਕਤਲ ਤੇ ਚੋਰੀ
ਧੌਂਸ, ਧਾਂਦਲੀ, ਸੀਨਾ ਜ਼ੋਰੀ
ਕਈ ਮਰ ਜਾਂਦੇ ਕਿਰਸਾਂ ਕਰਦੇ
ਕਈ ਰਹਿ ਜਾਂਦੇ ਹਿਰਸਾਂ ਕਰਦੇ
ਵੱਧ ਵੱਧ ਘੱਪਲੇ ਕਰਦੇ
ਪਲ ਪਲ ਜੀਂਦੇ, ਪਲ ਪਲ ਮਰਦੇ
ਸਭ ਕੁਛ ਛੱਡ ਕੇ ਕਬਰ 'ਚ ਵੜਦੇ
ਆਖ਼ਰ ਜਿਥੇ ਸਭ ਨੇ ਜਾਣਾ
ਜਿੱਥੋਂ ਮੁੜ ਕੇ ਕਿਸੇ ਨਹੀਂ ਆਣਾ
ਤੂੰ ਸੋਚ ਦੀ ਪੌੜੀ ਚੜ੍ਹਦਾ ਜਾਏਂ
ਤਿਉਂ ਤਿਉਂ ਉਮਰੋਂ ਘਟਦਾ ਜਾਏਂ
ਤੂੰ ਤੇ ਆਪ ਨੂੰ ਉੱਚਾ ਸਮਝੇਂ
ਲੋਕੀ ਸਮਝਣ "ਬੋਰ" ਜਿਹਾ

ਤੂੰ ਬੰਦਾ ਏਂ ਕਮਜ਼ੋਰ ਜਿਹਾ
ਤੂੰ ਕਿਤਨਾ ਜ਼ੋਰ ਵੀ ਪਾ ਜਾਵੇਂ
ਤੂੰ ਦੁਨੀਆ ਤੇ ਵੀ ਛਾ ਜਾਵੇਂ
ਪਰ ਯਾਦ ਰਖੀਂ
ਤੂੰ ਬੰਦਾ ਏਂ ਕਮਜ਼ੋਰ ਜਿਹਾ-

## ਦੁਨੀਆ ਦੇ ਕੰਮ ਲੰਮੇ

ਦੁਨੀਆ ਦੇ ਕੰਮ ਲੰਮੇ ਸਨ, ਤੇ ਉੱਮਰ ਵੀ ਲੰਮੀ ਦੇਂਦਾ
ਨਾ ਕਰ ਸਕਦਾ ਪੂਰੇ ਜੇਕਰ, ਫਿਰ ਮੈਨੂੰ ਕੁਛ ਕਹਿੰਦਾ
ਇੱਥੇ ਕਦਮ ਕਦਮ ਤੇ ਝੇੜੇ
ਡੋਬਣ ਇਕ ਦੂਜੇ ਦੇ ਬੇੜੇ
ਕੋਈ ਨਾ ਲਗੇ ਪਿਆਰ ਦੇ ਨੇੜੇ
ਉਮਰ ਜੇ ਦੇਂਦਾ ਲੰਮੀ ਮੈਨੂੰ, ਫਿਰ ਸਮਝਾ ਵੀ ਲੈਂਦਾ
ਦੁਨੀਆ ਦੇ ਕੰਮ ਲਮੇ ਸਨ ਤੇ ਉਮਰ ਵੀ ਲੰਮੀ ਦੇਂਦਾ
ਧੋਖੇ ਦੇਂਦੇ ਫਿਰਨ ਮਨੁਾਫ਼ਕ
ਹੁਸਨ ਨੂੰ ਲੁਟਦੇ ਝੂਠੇ ਆਸ਼ਕ
ਬੰਦੇ ਆਪ ਨੂੰ ਕਹਿੰਦੇ ਰਾਜ਼ਕ
ਮੈਂ ਤੇ ਬੜਾ ਸਮਝਾਨਾ ਵਾਂ, ਪਰ ਅਕਲ ’ਚ ਕੁਛ ਨਹੀਂ ਪੈਂਦਾ
ਦੁਨੀਆ ਦੇ ਕੰਮ ਲਮੇ ਸਨ ਤੇ ਉਮਰ ਵੀ ਲੰਮੀ ਦੇਂਦਾ
ਬਾਲਾਂ ਦੀ ਇਹ ਕਰਨ ਤਜਾਰਤ
ਲਾਸ਼ਾਂ ਉੱਤੇ ਪਾਣ ਉਮਾਰਤ
ਜ਼ੁਲਮਾਂ ਵਿਚ ਏ ਬੜੀ ਮੁਹਾਰਤ
ਇਨ੍ਹਾਂ ਨੂੰ ਸਮਝਾਣ ਦੀ ਖ਼ਾਤਰ, ਉਮਰਾਂ ਕਿਥੋਂ ਲੈਂਦਾ
ਦੁਨੀਆ ਦੇ ਕੰਮ ਲਮੇ ਸਨ ਤੇ ਉਮਰ ਵੀ ਲੰਮੀ ਦੇਂਦਾ

ਭੁਖਿਆਂ ਤੋਂ ਵੀ ਟੁਕਰ ਖੋਹੰਦੇ
ਕੋਈ ਮੰਗੇ ਤੇ ਖਾਣ ਨੂੰ ਪੈਂਦੇ
ਜੋ ਲਭੇ ਸੋ ਘਰ ਨੂੰ ਢੋਂਦੇ
ਥੋੜੇ ਜਿਹੇ ਅਰਸੇ ਦੇ ਅੰਦਰ, ਕਈ ਕੁਝ ਮੈਂ ਕਰ ਲੈਂਦਾ
ਦੁਨੀਆ ਦੇ ਕੰਮ ਲਮੇ ਸਨ ਤੇ ਉਮਰ ਵੀ ਲੰਮੀ ਦੇਂਦਾ
ਨਾਂ ਤੇਰਾ ਵੀ ਲੈਣਾ ਮੁਸ਼ਕਲ
ਕਦਮ ਕਦਮ ਤੇ ਫਿਰਦੇ ਕਾਤਲ
ਇਲਮ ਦੇ ਮਾਹਰ, ਵਿਚੋਂ ਜਾਹਲ
ਜੇ ਮੈਨੂੰ ਕੁਛ ਅਰਸਾ ਮਿਲਦਾ, ਅਕਲ ਅਨ੍ਹਿਆਂ ਨੂੰ ਦੇਂਦਾ
ਦੁਨੀਆ ਦੇ ਕੰਮ ਲਮੇ ਸਨ ਤੇ ਉਮਰ ਵੀ ਲੰਮੀ ਦੇਂਦਾ

## ਦੜ ਵਟ

ਦੜ ਵਟ, ਜ਼ਮਾਨਾ ਕਟ
ਭਲੇ ਦਿਨ ਆਉਣ ਗੇ
ਤੈਨੂੰ ਦੁਨੀਆ ਨਵੀਂ ਵਖਾਉਣ ਗੇ

ਇੱਥੋਂ ਜ਼ੁਲਮ ਹਨੇਰੀ ਮੁਕ ਜਾਏ ਗੀ
ਇੱਥੋਂ ਧੌਂਸ, ਧਾਂਦਲੀ ਰੁਕ ਜਾਏ ਗੀ
ਇੱਥੋਂ ਝੂਠ ਰਵਾਨਾ ਹੋ ਜਾਏ ਗਾ
ਇੱਥੇ ਖਰਾ ਜ਼ਮਾਨਾ ਹੋ ਜਾਏ ਗਾ
ਇੱਥੋਂ ਦੁਖ ਬਿਮਾਰੀ ਜਾਵੇ ਗੀ
ਖ਼ੁਸ਼ੀਆਂ ਦੀ ਰੌਣਕ ਆਵੇ ਗੀ

ਫਿਰ ਰੋਂਦੇ ਹੱਸ ਕੇ ਗਾਉਣ ਗੇ
ਤੈਨੂੰ ਦੁਨੀਆ ਨਵੀਂ ਵਖਾਉਣ ਗੇ

ਇੱਥੋਂ ਲੋਭ ਕਰੋਧ ਦੇ ਜਾਲੇ ਸਭ
ਮੁਕ ਜਾਣ ਗੇ ਹਿਰਸਾਂ ਵਾਲੇ ਸਭ
ਇੱਥੇ ਗ਼ਨੀਆਂ ਦਾ ਫਿਰ ਦੌਰ ਹੋਏ ਗਾ

ਹਰ ਕੋਈ ਸੁਖ ਦੀ ਨੀਂਦ ਸੋਏ ਗਾ
ਨਾ ਕੋਈ ਨੰਗਾ, ਨਾ ਕੋਈ ਭੁੱਖਾ
ਨਾ ਕੋਈ ਕੌੜਾ, ਨਾ ਕੋਈ ਰੁਖਾ

ਜਦ ਸਚੇ ਹੁਕੰਮ ਚਲਾਉਣ ਗੇ
ਤੈਨੂੰ ਦੁਨੀਆ ਨਵੀਂ ਵਖਾਉਣ ਗੇ

ਕੋਈ ਕਿਸੇ ਦਾ ਹੱਕ ਨਾ ਮਾਰੇ ਗਾ
ਬਸ ਹੱਕ ਤੇ ਗੱਲ ਨਿਤਾਰੇ ਗਾ
ਸਭ ਚੋਰ ਵੀ ਤੌਬਾ ਕਰ ਲੈਣ ਗੇ
ਨੇਕੀ ਤੋਂ ਦਿਲ ਨੂੰ ਭਰ ਲੈਣ ਗੇ
ਮੁੱਕੇ ਗੀ ਮੁਨਾਫ਼ਕਤ ਲੋਕਾਂ ਦੀ
ਇਨ੍ਹਾਂ ਚੱਕਰ ਬਾਜ਼ ਇਨਸਾਨਾਂ ਦੀ

ਜਦ ਸੱਚੇ ਸੱਚ ਸੁਣਾਉਣ ਗੇ
ਤੈਨੂੰ ਦੁਨੀਆ ਨਵੀਂ ਵਖਾਉਣ ਗੇ

ਇੱਥੇ ਰੱਬ ਦੀ ਹਿਕਮਤ ਚਲੇ ਗੀ
ਇਬਲੀਸ ਜਹੰਨਮ ਘੱਲੇ ਗੀ
ਜਦ ਹਟੇ ਪਾਬੰਦੀ ਬੋਲਣ ਤੋਂ

ਤੇ ਅਸਲ ਹਕੀਕਤ ਖੋਲ੍ਹਣ ਤੋਂ
ਫਿਰ ਦੁਨੀਆ ਜੰਨਤ ਬਣ ਜਾਏ ਗੀ
ਤੇ ਇਸ਼ਕ ਤੇਰੇ ਨੂੰ ਮੰਨ ਜਾਏ ਗੀ

ਜਦ ਆਸ਼ਕ ਇਸ਼ਕ ਵੰਡਾਉਣ ਗੇ
ਤੈਨੂੰ ਦੁਨੀਆ ਨਵੀਂ ਵਖਾਉਣ ਗੇ

ਦੜ ਵਟ, ਜ਼ਮਾਨਾ ਕਟ
ਭਲੇ ਦਿਨ ਆਉਣ ਗੇ

ਪ੍ਰੋ: ਫ਼ੈਜ਼ ਅਹਿਮਦ ਸ਼ਮਸ ਪੰਜਾਬ ਯੂਨੀਵਰਸਟੀ ਨਾਲ ਸਾਂਗਾ ਰਖਦੇ ਨੇਂ। ਫ਼ੈਸਲ ਆਬਾਦ, ਮੁਲਤਾਨ ਤੇ ਗੌਰਮਿੰਟ ਕਾਲਿਜ ਲਾਹੌਰ ਵਿਚ ਪੜ੍ਹਨ ਦੇ ਬਾਦ ਉਨ੍ਹਾਂ ਬਰਤਾਨੀਆ ਦੀ ਕੈਮਬ੍ਰਿਜ ਯੂਨੀਵਰਸਟੀ ਤੋਂ ਆਅਲਾ ਤਾਲੀਮ ਹਾਸਲ ਕੀਤੀ।ਉਹ ਪੰਜਾਬ ਯੂਨੀਵਰਸਟੀ ਦੇ ਅਰਜ਼ੀਆਤ ਦੇ ਸ਼ੁਅਬੇ ਦੇ ਪਹਿਲੇ ਸ਼ਾਗਿਰਦ, ਉਸਤਾਦ ਤੇ ਪਹਿਲੇ ਪਾਕਿਸਤਾਨੀ ਮੁਖੀ ਬਣੇ। ਇਹ ਵਿਭਾਗ ਪਾਕਿਸਤਾਨ ਵਿਚ ਭੂ-ਵਿਗਿਆਨ ਸਿੱਖਿਆ ਦਾ ਪਹਿਲਾ ਕੇਂਦਰ ਏ ਜਿਹਨੂੰ ਯੂਨਿਸਕੋ ਨੇ ਗ਼ੈਰ ਮੁਲਕੀ ਮਾਹਿਰਾਂ ਦੀ ਮਦੱਦ ਨਾਲ ਦੱਸ ਸਾਲ ਦੀ ਮੁਦੱਤ ਵਿਚ ਤਿਆਰ ਕੀਤਾ ਸੀ।

ਸਾਰੇ ਮੁਲਕ ਵਿਚ ਅਰਜ਼ੀਆਤ ਦੇ ਪਹਿਲੇ ਪ੍ਰੋਫ਼ੈਸਰ ਬਣਨ ਦੇ ਬਾਅਦ ਸ਼ਮਸ ਸਾਹਿਬ ਯੂਨੀਵਰਸਟੀ ਦੇ ਕੁਲੀਆ ਸਾਇੰਸ ਦੇ ਸਰਬਰਾਹ ਵੀ ਰਹੇ। ਤੇ 36 ਸਾਲ ਤਕ ਯੂਨੀਵਰਸਟੀ ਦੀ ਮੁਲਾਜ਼ਮਤ ਕਰਨ ਦੇ ਬਾਦ 1990 ਵਿਚ ਰਿਟਾਇਰ ਹੋ ਗਏ। ਅੱਜਕੱਲ ਉਹ ਆਨਰੇਰੀ ਤੌਰ ਤੇ ਯੂਨੀਵਰਸਟੀ ਵਿਚ ਮੁਲਕ ਦਾ "ਪਹਾੜੀ ਇਲਾਕਿਆਂ ਤੇ ਮਰਬੂਤ ਤਹਿਕੀਕ" ਦਾ ਪਹਿਲਾ ਕੇਂਦਰ ਕਰ ਰਹੇ ਨੇਂ।

"ਸੋਚ ਦੀਆਂ ਤੰਦਾਂ" ਪ੍ਰੋ: ਸ਼ਮਸ ਦੇ ਪੰਜਾਬੀ ਕਲਾਮ ਦੀ ਪਹਿਲਾ ਪ੍ਰਕਾਸ਼ਨ ਏ।